## 2023

# SGGSS ANNUAL REPORT

**10th September 2023**




GURDWARA SRI GURU SINGH SABHA
SOUTHALL

# TABLE OF CONTENTS


1 President's Welcome

2 General Secretary Update

3 Treasury Update & Management Accounts

4 Legal

5 Education

6 Sports & Social

7 Guru Ka Langar

8 Technology

9 Governance

10 Human Resources

11 Building

12 Community Engagement

13 Partners

14 Khalsa School

15 Gardening

# WELCOME FROM PRESIDENT

ਪਰਧਾਨ ਜੀ ਦਾ ਸਵਾਗਤੀ ਸੰਦੇਸ਼

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਅਸੀਂ ਧਰਮ ਨੂੰ ਮੁੱਖ ਰਖਦੇ ਹਾਂ। ਅਸੀਂ ਆਪਣੇ ਫੈਸਲਿਆਂ ਅਤੇ ਕਾਰਜਾਂ ਨੂੰ ਗੁਰਮਤਿ ਦੁਆਰਾ ਦਸੇ ਮਾਰਗ ਅਨੁਸਾਰ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਾਂ । ਅਸੀਂ ਪੂਰੀ ਤਰ੍ਹਾਂ ਖੁੱਲ੍ਹੇ ਦਿਲ ਅਤੇ ਪਾਰਦਰਸ਼ਤਾ ਨਾਲ ਸਾਰੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸਲਾਨਾ ਜਨਰਲ ਮੀਟਿੰਗ (ਏ.ਜੀ.ਐਮ.) ਇੱਕ ਖੁੱਲਾ ਮੰਚ ਹੈ, ਜਿੱਥੇ ਸਭਾ ਨੂੰ ਬਿਹਤਰ ਬਣਾਉਣ ਅਤੇ ਸਾਡੇ ਭਾਈਚਾਰੇ ਦੀ ਬਿਹਤਰ ਸੇਵਾ ਕਰਨ ਦੇ ਤਰੀਕਿਆਂ 'ਤੇ ਉਸਾਰੂ ਗੱਲਬਾਤ ਕਰਨ ਦਾ ਉਪਰਾਲਾ ਕਰਦੇ ਹਾਂ ।

ਅਕਤੂਬਰ 2022 ਵਿੱਚ ਚੁਣੇ ਗਏ ਪੰਥਕ ਸਮੂਹ ਸੇਵਾਦਾਰਾਂ ਦੀ ਇਹ ਦੂਜੀ ਜਨਰਲ ਬਾਡੀ ਮੀਟਿੰਗ ਹੈ। ਅਸੀਂ ਜਵਾਬਦੇਹੀ ਅਤੇ ਸ਼ਮੂਲੀਅਤ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਲਈ ਵਚਨਬੱਧ ਹਾਂ। ਅਸੀਂ ਇੱਕ ਹੋਰ ਗਤੀਸ਼ੀਲ, ਜਵਾਬਦੇਹ, ਅਤੇ ਪ੍ਰਭਾਵਸ਼ਾਲੀ ਸੰਗਠਨ ਬਣਾਉਣ ਲਈ ਸਭਾ ਦੇ ਸਾਰੇ ਮੈਂਬਰਾਂ ਵਲੋਂ ਸਹਿਯੋਗ ਦੀ ਉਮੀਦ ਕਰਦੇ ਹਾਂ। ਸਾਡੀ ਸਾਂਝੀ ਵਿਰਾਸਤ ਦੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਭਵਿੱਖ ਵਿਚ ਅਜਿਹੀ ਕਾਰਜਸ਼ੈਲੀ ਬਣਾਉਣ ਦੇ ਚਾਹਵਾਨ ਹਾਂ।

At Sri Guru Singh Sabha Southall Dharam is our guiding principle. Our decisions and actions are informed by Gurmat as far we can, and we endeavour to conduct all business with the utmost openness and transparency. The Annual General Meeting (AGM) is an open forum, where members can engage in constructive dialogue on ways to improve the Sabha and better serve our community.

This is the second General Body Meeting of the Panthic Group Sevadars elected in October 2022. We are committed to upholding the highest standards of accountability and inclusivity. We look forward to collaborating with all members of the Sabha to build a more dynamic, responsive, and effective organisation that reflects the values of our shared heritage.



President / ਪ੍ਰਧਾਨ
ਸ:ਹਿੰਮਤ ਸਿੰਘ ਸੋਹੀ
S.Himmat Singh Sohi



Vice President / ਮੀਤ ਪ੍ਰਧਾਨ
ਸ:ਕੁਲਵੰਤ ਸਿੰਘ ਭਿੰਡਰ
S.Kulwant Singh Bhinder

# HIGHLIGHTS

ਵਿਸ਼ੇਸ਼ਤਾਵਾਂ :

- ਸਿੰਘ ਸਭਾ ਦੇ ਹਾਲਾਤ ਬਾਰੇ ਆਈ ਰਿਪੋਰਟ ਤੇ ਕਾਰਵਾਈ ਕਰਦਿਆਂ ਕੰਮਕਾਜ ਵਿੱਚ ਸੁਧਾਰ ਕਰਨੇ।
- ਉਸ ਰਿਪੋਰਟ ਦੇ ਅਧਾਰ ਤੇ ਕਾਫੀ ਤਬਦੀਲੀਆਂ ਕਰ ਦਿੱਤੀਆਂ ਗਈਆਂ ਹਨ।
- ਨਵੀਆਂ ਨੀਤੀਆਂ ਪੇਸ਼ ਕੀਤੀਆਂ ਗਈਆਂ ਹਨ।
- ਸੁਰੱਖਿਆ ਦਾ ਵਿਆਪਕ ਸਰਵੇਖਣ ਕਰਵਾਇਆ ਗਿਆ ਹੈ।
- ਨਵੀਂ ਤਕਨੀਕ ਨੂੰ ਗੁਰੂਘਰ ਦੇ ਕੰਪਲੈਕਸ ਵਿੱਚ ਲਾਗੂ ਕੀਤਾ ਜਾ ਰਿਹਾ ਹੈ।
- ਨਵੀਆਂ ਕਲਾਸਾਂ/ਪਰਜੈਕਟ ਉਲੀਕੇ ਗਏ ਹਨ।
- ਬੱਚਿਆਂ ਦੀ ਨਵੀਂ ਲਾਇਬਰੇਰੀ ਲਗਭਗ ਤਿਆਰ ਹੈ।
- ਪਾਰਕ ਐਵੇਨਿਊ ਵਿਖੇ ਕਾਰ ਪਾਰਕ ਵਧਾਈ ਗਈ ਹੈ।
- ਗੁਰੂ ਨਾਨਕ ਰੋਡ ਵਿਖੇ ਛੱਤਾਂ ਦੀ ਮੁਰੰਮਤ ਦਾ ਕੰਮ ਚਾਲੂ ਹੈ।
- ਗੁਰੂ ਨਾਨਕ ਰੋਡ ਤੇ ਹੋਣ ਵਾਲੀਆਂ ਤਬਦੀਲੀਆਂ ਲਈ ਈਲੰਗ ਕੌਂਸਲ ਨਾਲ ਸਲਾਹ ਮਸ਼ਵਰਾ ਕੀਤਾ ਗਿਆ ਅਤੇ ਉਸਾਰੂ ਸੁਝਾਅ ਦਿੱਤੇ ਗਏ।
- ਦੋਵਾਂ ਗੁਰੂਘਰਾਂ ਵਿੱਚ ੪੫੦੦ ਸੰਗਤਾਂ ਹਰ ਦਿਨ ਦਰਸ਼ਨ ਕਰਦੀਆਂ ਹਨ ਜੋ ਕਿ ੨੩ ਫੀਸਦੀ ਵਾਧਾ ਹੋਇਆ ਹੈ।
- ਯੂ ਟਿਯੂਬ ਚੈਨਲ ਨਾਲ ੭ ਹਜਾਰ ਸੰਗਤਾਂ ਜੁੜੀਆਂ ਹਨ ਜੋ ਕਿ ੪੫ ਫੀਸਦੀ ਦਾ ਵਾਧਾ ਹੈ।

**HIGHLIGHTS:**

- Continued to implement the findings of the 'State of the Sabha' report. Using the findings, operational changes have been implemented
- New policies introduced
- Comprehensive safeguarding review conducted
- New technology
- New classes/projects
- New children's library being finished
- Car parking extended at Park Avenue
- Roof repairs started at Guru Nanak Road
- Worked with Ealing Counil on its Get Southall Moving Scheme to propose an alternative to the Guru Nanak Road Changes
- Both Gurdwaras have c.4,500 Sangat visits per day (Up 23% YoY
- Social Media statistics: Youtube channel subscribers - 7k (up 45% YoY), Instagram followers - 10.8k (up 30% YoY)
- Feedback: 2.9k reviews on Google. Rating the experience 4.8/5



# GENERAL SECRETARY UPDATE

We are pleased to report that we are delivering on our Panthic Manifesto and focused on making this institution fit for the 21st century.

We remain committed to serving the Panth under the guidance of Sri Guru Granth Sahib Ji. We are creating an environment to educate and develop future leaders. In 2024 the Panth will be marking 40 years since the attack on Sri Darbar Sahib. We shall be commissioning a memorial at Singh Sabha commemorating this painful event.

Our Sangat continues to grow, and we are grateful for the record levels of donations received in 2023. As we look ahead, our focus is on investing wisely in our commitments to further the Sabha's objectives and our manifesto commitments.

Over the past few years, we have successfully diversified our income streams by generating rental income from surplus property assets. The Trustees are committed to reinvesting this income in support of our objectives, as detailed in the Treasurer's report.

We are also pleased to note that the Executive Committee Members are working together amicably, with a shared commitment to the Chardi Kala of the Sabha and the Khalsa Panth. Together, we remain steadfast in our pursuit of these shared goals.

With Guru Sahibs Kirpa, the Sabha continues to be the leading platform for parchar in the UK. World-renowned Katha Vachaks, Ragis, Dhadhis and Parchariks continue to visit.

Smagams celebrating various Gurpurabs and itihasic events have been celebrated. The Vaisakhi Nagar Kirtan took place on the 2nd April 2023 and was a tremendous success. The Nagar Kirtan to mark Guru Nanak Dev Ji's Gurpurab will be held on the 5th of November.

Amrit Sanchars continue to take place throughout the year, with the 3rd Sanchar taking place on the 30th of September 2023 at Park Avenue Gurdwara

Coordinating the Nagar Kirtan in the UK demands a significant commitment of time and effort from dedicated Sevadars, as well as the endorsement of Ealing Council. Recognising the intricacy of this task, both Sevadars and Ealing Council strongly recommend that the Sabha considers engaging a professional events management company to efficiently oversee and meticulously plan this important event. Consequently, we are delighted to announce that the upcoming November Nagar Kirtan, scheduled for November 5, 2023, will be expertly organised on behalf of the Sabha by a duly appointed and reputable firm.

The Sabha is deeply committed to ensuring the safety and well-being of its members and the community. As part of this commitment, we have initiated an external safeguarding review, in conjunction with the first State of the Sabha report. This has led to the establishment of clear, actionable goals, one of which is to become one of the world's first Gurdwaras to employ a dedicated Safeguarding Officer.

Another pioneering project we are proud to introduce is the Children's Library recently constructed at Guru Nanak Road Gurdwara. It stands as the first dedicated children-only library within a Gurdwara, providing a space for children to enhance their reading abilities and imagination, while also supporting the burgeoning field of Sikh and Punjabi authorship.

Our prior State of the Sabha report also revealed a pressing need for reform in our staff structure. We identified significant skill gaps and oversight issues, leading us to appoint a Head of Operations and our very first Social Media intern to address these shortcomings effectively.



Harmeet Singh Gill
**General Secretary**



Jagdish Kaur
**Joint General Secretary**





# ਜਨਰਲ ਸਕੱਤਰ ਦੀ ਰਿਪੋਰਟ

ਸਾਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਅਸੀਂ ਆਪਣੇ ਪੰਥਕ ਮੈਨੀਫੈਸਟੋ ਵਿਚ ਕੀਤੇ ਵਾਅਦੇ ਅਨੁਸਾਰ ਕੰਮ ਕਰ ਰਹੇ ਹਾਂ ਅਤੇ ਇਸ ਸੰਸਥਾ ਨੂੰ 21ਵੀਂ ਸਦੀ ਦੇ ਅਨੁਕੂਲ ਬਣਾਉਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ।

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਪੰਥ ਦੀ ਸੇਵਾ ਲਈ ਵਚਨਬੱਧ ਹਾਂ। ਅਸੀਂ ਭਵਿੱਖ ਦੇ ਨੇਤਾਵਾਂ ਨੂੰ ਸਿੱਖਿਅਤ ਕਰਨ ਅਤੇ ਵਿਕਸਿਤ ਕਰਨ ਲਈ ਮਾਹੌਲ ਤਿਆਰ ਕਰ ਰਹੇ ਹਾਂ। 2024 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੇ 40 ਸਾਲ ਪੂਰੇ ਹੋ ਰਹੇ ਹਨ। ਅਸੀਂ ਇਸ ਦਰਦਨਾਕ ਘਟਨਾ ਦੀ ਸਿੰਘ ਸਭਾ ਵਿਖੇ ਇੱਕ ਯਾਦਗਾਰ ਬਣਾਵਾਂਗੇ।

ਸਾਡਾ ਧਿਆਨ ਸਭਾ ਦੇ ਉਦੇਸ਼ਾਂ ਅਤੇ ਸਾਡੇ ਮੈਨੀਫੈਸਟੋ ਵਿਚ ਕੀਤੇ ਵਾਅਦਿਆਂ ਨੂੰ ਪੂਰੀ ਤਰ੍ਹਾਂ ਕਰਨ ਲਈ ਫੋਕਸ ਹੈ।

ਪਿਛਲੇ ਕੁਝ ਸਾਲਾਂ ਤੋਂ ਸਭਾ ਨੇ ਆਪਣੀ ਆਮਦਨ ਦੇ ਸਰੋਤਾਂ ਨੂੰ ਕੁਝ ਹੋਰ ਢੰਗਾਂ ਨਾਲ ਵੀ ਵਧਾਇਆ ਹੈ, ਜਿਸ ਵਿੱਚ ਕਿਰਾਏ ਤੇ ਦਿੱਤੇ ਗਏ ਘਰ ਹਨ ਜੋ ਸਾਡੀ ਆਮਦਨ ਦਾ ਇੱਕ ਵੱਖਰਾ ਸਰੋਤ ਬਣ ਰਹੇ ਹਨ। ਜਿਵੇਂ ਕਿ ਖਜਾਨਚੀ ਸਾਹਿਬ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਸਾਡੇ ਟਰਸਟੀ ਇਸ ਆਮਦਨ ਨੂੰ ਗੁਰੂਘਰ ਦੇ ਪਰਬੰਧ ਅਤੇ ਇਸਦੀਆਂ ਹੋਰ ਲੋੜਾਂ ਵਿੱਚ ਵਰਤਣ ਲਈ ਯਤਨਸ਼ੀਲ ਹਨ।

ਅਸੀਂ ਇੱਥੇ ਬਹੁਤ ਸਤਕਾਰ ਨਾਲ ਦੱਸਣਾਂ ਚਾਹੁੰਦੇ ਹਾਂ ਕਿ ਸਾਡੀ ਵਰਕਿੰਗ ਕਮੇਟੀ ਦੇ ਸਾਰੇ ਮੈਂਬਰ ਬਹੁਤ ਹੀ ਭਰਾਤਰੀਤਾਵ ਅਤੇ ਸਹਿਯੋਗ ਨਾਲ ਕੰਮ ਕਰ ਰਹੇ ਹਨ। ਇਹ ਸਾਰੇ, ਖਾਲਸਾ ਪੰਥ ਅਤੇ ਸਿੰਘ ਸਭਾ ਸਾਊਥਾਲ ਦੀ ਚੜ੍ਹਦੀ ਕਲਾ ਲਈ ਮੋਢੇ ਨਾਲ ਮੋਢਾ ਜੋੜਕੇ ਕਾਰਜ ਕਰ ਰਹੇ ਹਨ। ਇਸ ਏਕਤਾ ਅਤੇ ਸਹਿਯੋਗ ਦੀ ਭਾਵਨਾ ਨਾਲ ਹੀ ਅਸੀਂ ਆਪਣੇ ਨਿਸ਼ਾਨੇ ਸਰ ਕਰ ਸਕਦੇ ਹਾਂ।

ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ, ਸਿੰਘ ਸਭਾ ਯੂ ਕੇ ਵਿੱਚ ਸਿੱਖੀ ਦੇ ਪਰਚਾਰ ਦੇ ਮੁੱਖ ਕੇਂਦਰ ਵੱਜੋਂ ਲਗਾਤਾਰ ਸਥਾਪਤ ਹੈ। ਇਸ ਮੰਚ ਤੇ ਦੁਨੀਆਂ ਭਰ ਵਿੱਚ ਪ੍ਰਸਿੱਧ, ਕੀਰਤਨੀ ਜਥੇ, ਕਥਾਵਾਚਕ, ਢਾਡੀ ਜਥੇ ਅਤੇ ਕਵੀਸ਼ਰੀ ਜਥੇ ਸਿੱਖੀ ਦਾ ਪਰਚਾਰ ਕਰਦੇ ਹਨ। ਸਿੰਘ ਸਭਾ ਵੱਲੋਂ ਵੱਖ ਵੱਖ ਮੌਕਿਆਂ ਤੇ ਗੁਰੁਪੁਰਬ, ਇਤਿਹਾਸਕ ਦਿਹਾੜੇ ਮਨਾਏ ਜਾਂਦੇ ਹਨ। ਖਾਲਸਾ ਸਾਜਨਾ ਦਿਵਸ-ਵਿਸਾਖੀ ਦਾ ਨਗਰ ਕੀਰਤਨ 2 ਅਪਰੈਲ 2023 ਨੂੰ ਸਜਾਇਆ ਗਿਆ ਜਦੋਂ ਕਿ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ ਦਿਹਾੜੇ ਨੂੰ ਸਮਰਪਿੱਤ ਨਗਰ ਕੀਰਤਨ 5 ਨਵੰਬਰ 2023 ਨੂੰ ਸਜਾਇਆ ਜਾਵੇਗਾ।

ਸਿੰਘ ਸਭਾ ਸਾਊਥਾਲ ਵਿਖੇ ਅੰਮ੍ਰਿਤ ਸੰਚਾਰ ਦੀ ਰਵਾਇਤ ਲਗਾਤਾਰ ਜਾਰੀ ਹੈ। ਅਗਲਾ ਅੰਮ੍ਰਿਤ ਸੰਚਾਰ ਸਮਾਗਮ 30 ਸਤੰਬਰ 2023 ਨੂੰ ਪਾਰਕ ਐਵੇਨਿਊ ਗੁਰਦੁਆਰਾ ਵਿਖੇ ਕਰਵਾਇਆ ਜਾ ਰਿਹਾ ਹੈ।

ਨਗਰ ਕੀਰਤਨ ਦੇ ਪਰਬੰਧ ਲਈ ਸੇਵਾਦਾਰਾਂ ਦੀ ਅਣਥੱਕ ਮਿਹਨਤ ਲੋੜੀਂਦੀ ਹੈ। ਈਲੰਗਿ ਕੌਂਸਲ ਅਤੇ ਗੁਰੂਘਰ ਦੇ ਸੇਵਾਦਾਰਾਂ ਨੇ ਇਹ ਸੁਝਾਅ ਦਿੱਤਾ ਸੀ ਕਿ ਇਸ ਵੱਡੇ ਸਮਾਗਮ ਲਈ ਕਿਸੇ ਪੇਸ਼ਾਵਾਰ ਫਰਮ ਦੀਆਂ ਸੇਵਾਵਾਂ ਲਈਆਂ ਜਾਣ ਤਾਂ ਕਿ ਸੇਵਾਦਾਰਾਂ ਤੇ ਪੈਣ ਵਾਲੇ ਬੋਝ ਨੂੰ ਘੱਟ ਕੀਤਾ ਜਾਵੇ। ਸੋ ਇਸ ਸਾਲ 5 ਨਵੰਬਰ ਦਾ ਨਗਰ ਕੀਰਤਨ ਕਿਸੇ ਅਜਿਹੀ ਪੇਸ਼ੇਵਾਰ ਸੰਸਥਾ ਦੇ ਸਹਿਯੋਗ ਨਾਲ ਹੀ ਕਰਵਾਇਆ ਜਾਵੇਗਾ।

# TREASURY UPDATE

The Sabha stands as a pillar of financial strength. In the span of seven months, from January to July, our Sabha has garnered a surplus of nearly 1.8 million, securely placed across five bank accounts, as meticulously detailed in the accompanying summary report. Our hearts brim with gratitude for the generous Donations from our revered Sangat. May Waheguru Ji bestow His blessings upon our Sangat, Members, and Sevadars.

The income and expenditures, outlined in the summary, reflect our responsible approach to financial management. Oversight and strategic decisions are carried out diligently by the Finance Sub-Committee, a dedicated group that convenes regularly. The Executive Committee empowers the Finance sub committee to oversee routine financial matters, while significant decisions pertaining to financial controls necessitate the EC's approval.

Our finance sub committee members are Mr Jitpal Singh Sahota, Dr Davinderpal Singh Kooner, Mrs Harpreet Kaur Bains, Mr Harmeet Singh Gill, Mr Gagan Singh Ghali, Mr Amarjit Singh Dassan and Mr Jaspal Singh Bahra - they collectively contribute to our Sabha's financial stability.

Notably, we've embarked on an unprecedented journey by establishing a budget for the fiscal year. This strategic step empowers us to project cash flow, facilitating focus on key areas of both expenditures and revenue streams.





With due diligence considerations, we have appointed our new auditors and accountants, MJ Bushells. We extend our heartfelt appreciation to our previous auditors, Ranbir Singh Atwal & Co., for their dedicated service over the years.

To optimise our financial efficiency, we have redefined our approach to Gift Aid claims. Monthly claims to HMRC are now streamlined, enhancing cash flow. Additionally, we are in the process of designing new receipt books and ensuring meticulous records of donations.

To address the challenge of coin-based donations, we have secured accounts with Punjab National Bank and HSBC, thanks to the efforts of Mr Amarjit Singh Dassan. In this regard, we kindly request our Sangat and members to consider card payments or bank transfers for donations, alleviating the complexity of cash deposits.

Further optimising our financial well-being, we have capitalised on the current trend of rising interest rates by making prudent deposits to maximise returns.

As we collectively march forward, monumental projects encompassing renovation, repairs, and renewals are actively underway. Should any queries arise pertaining to financial matters, we warmly invite our valued members and Sangat to engage in open discussions with us. Your insights and concerns are of paramount importance on our journey of financial stewardship.



# ਖਜਾਨਚੀ ਦੀ ਰਿਪੋਰਟ

ਸ੍ਰੀ ਗੁਰੂ ਸਿੰਘ ਸਭਾ ਆਰਥਿਕਤਾ ਦੇ ਮਾਮਲੇ ਵਿੱਚ ਇੱਕ ਮਜਬੂਤ ਥੰਮ ਵਾਂਗ ਖੜ੍ਹੀ ਹੈ। ਇਸ ਸਾਲ ਦੇ ਪਹਿਲੇ ਸੱਤ ਮਹੀਨਿਆਂ ਵਿੱਚ ਇਸ ਸੰਸਥਾ ਨੇ 1P 8 ਮਿਲੀਅਨ ਪੌਂਡ ਹਾਸਲ ਕੀਤੇ। ਇਹ ਮਾਇਆ ਸੰਸਥਾ ਦੇ ਪੰਜ ਬੈਂਕ ਖਾਤਿਆਂ ਵਿੱਚ ਅਰਜਿੱਤ ਹੋਈ। ਇਸ ਸਬੰਧ ਵਿੱਚ ਵਿਸਥਰਿਤ ਜਾਣਕਾਰੀ ਦਿੱਤੀ ਗਈ ਹੈ। ਸੰਗਤਾਂ ਵੱਲੋਂ ਦਿੱਤੇ ਇਸ ਪਿਆਰ ਲਈ ਅਸੀਂ ਸਿੱਖ ਸੰਗਤਾਂ ਦੇ ਰਿਣੀ ਰਹਾਂਗੇ। ਅਸੀਂ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਜੀ ਸਮੂਹ ਸੰਗਤ ਅਤੇ ਸੇਵਾਦਾਰਾਂ ਤੇ ਆਪਣੀਆਂ ਬਖਸ਼ਿਸ਼ਾਂ ਅਰਪਿਤ ਕਰਨ।

ਆਰਥਕ ਵਸੀਲਿਆਂ ਸਬੰਧੀ ਰਿਪੋਰਟ ਵਿੱਚ ਦਰਸਾਏ ਗਏ ਕਮਾਈ ਅਤੇ ਖਰਚਿਆਂ ਦੇ ਵਿਸਥਾਰ ਨੇ ਸਾਡੀ ਸੰਸਥਾ ਪ੍ਰਤੀ ਇਮਾਨਦਾਰ ਅਤੇ ਪਾਰਦਰਸ਼ੀ ਪਹੁੰਚ ਨੂੰ ਦਰਸਾਇਆ ਹੈ। ਆਰਥਕ ਵਸੀਲਿਆਂ ਬਾਰੇ ਸਬ ਕਮੇਟੀ ਨੇ ਬਹੁਤ ਪ੍ਰਤੀਬੱਧਤਾ ਨਾਲ ਸੰਸਥਾ ਦੇ ਹੱਕ ਵਿੱਚ ਫੈਸਲੇ ਲਏ। ਸੰਸਥਾ ਦੀ ਐਗਜ਼ੈਕਟਿਵ ਕਮੇਟੀ ਨੇ ਆਰਥਕ ਸਬ ਕਮੇਟੀ ਨੂੰ ਇਹ ਅਧਿਕਾਰ ਦਿੱਤਾ ਹੈ ਕਿ ਉਹ ਸੰਸਥਾ ਦੇ ਆਰਥਕ ਕੰਮਕਾਜ ਨੂੰ ਦੇਖਣ ਅਤੇ ਫੈਸਲੇ ਲੈਣ। ਕੁਝ ਆਰਥਕ ਫੈਸਲਿਆ ਲਈ ਐਗਜ਼ੈਕਟਿਵ ਕਮੇਟੀ ਦੀ ਸਹਿਮਤੀ ਜਰੂਰੀ ਹੈ।

ਸਾਡੀ ਆਰਥਕ ਵਸੀਲਿਆਂ ਬਾਰੇ ਸਬ ਕਮੇਟੀ ਵਿੱਚ ਸ਼ਾਮਲ ਹਨ- ਭਾਈ ਜੀਤਪਾਲ ਸਿੰਘ ਸਹੋਤਾ,ਡਾਕਟਰ ਦਵਿੰਦਰਪਾਲ ਸਿੰਘ ਕੂਨਰ,ਸ੍ਰੀਮਤੀ ਹਰਪ੍ਰੀਤ ਕੌਰ ਬੈਂਸ, ਭਾਈ ਹਰਮੀਤ ਸਿੰਘ ਗਿੱਲ, ਭਾਈ ਗਗਨ ਸਿੰਘ ਘਾਲੀ,ਭਾਈ ਅਮਰਜੀਤ ਸਿੰਘ ਦਾਸਨ ਅਤੇ ਭਾਈ ਜਸਪਾਲ ਸਿੰਘ ਬਾਹਰਾ- ਇਹ ਸਾਰੇ ਸਮੂਹਕ ਤੌਰ ਤੇ ਸਿੰਘ ਸਭਾ ਦੇ ਆਰਥਕ ਪਹਿਲੂਆਂ ਬਾਰੇ ਫੈਸਲੇ ਲੈਂਦੇ ਹਨ।

ਅਸੀਂ ਸੰਸਥਾ ਦੇ ਕੰਮਕਾਜ ਨੂੰ ਚਲਾਉਣ ਲਈ ਇੱਕ ਸਾਲਾਨਾ ਬਜਟ ਸਕੀਮ ਦਾ ਫੈਸਲਾ ਲਿਆ ਹੈ ਜਿਸ ਨਾਲ ਸਾਡੇ ਸਾਰੇ ਕਾਰਜ ਵਧੀਆ ਢੰਗ ਨਾਲ ਹੋਣਗੇ।

ਐਮ ਜੇ ਬੁਸ਼ਸ਼ੈਲ ਨੂੰ ਸੰਸਥਾ ਦਾ ਨਵਾਂ ਅਕਾਊਂਟੈਂਟ ਨਿਯੁਕਤ ਕੀਤਾ ਗਿਆ ਹੈ। ਅਸੀਂ ਜਿੱਥੇ ਇਨ੍ਹਾਂ ਦਾ ਸੁਆਗਤ ਕਰਦੇ ਹਾਂ ਉੱਥੇ ਹੀ ਰਣਬੀਰ ਸਿੰਘ ਅਟਵਾਲ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸੰਸਥਾ ਦੇ ਕੰਮਕਾਜ ਨੂੰ ਬਿਹਤਰ ਢੰਗ ਨਾਲ ਸੰਭਾਲਿਆ।

ਆਪਣੀ ਆਰਥਕ ਕੁਸ਼ਲਤਾ ਨੂੰ ਮਜਬੂਤ ਕਰਨ ਲਈ ਅਸੀਂ ਗਿਫਟ ਏਡ ਕਲੇਮ ਨੂੰ ਵੀ ਸੁਧਾਰਿਆ ਹੈ ਤਾਂ ਕਿ ਸਰਕਾਰ ਵੱਲੋਂ ਮਿਲਦੀ ਸਹਾਇਤਾ ਸਪਸ਼ਟ ਰੂਪ ਵਿੱਚ ਪਾਰਦਰਸ਼ੀ ਹੋ ਸਕੇ। ਟੈਕਸ ਮਹਿਕਮੇ ਨਾਲ ਪਾਰਦਰਸ਼ੀ ਰਾਬਤੇ ਰਾਹੀਂ ਹੁਣ ਇਹ ਸਕੀਮ ਮਹੀਨਾਵਾਰ ਪਰਾਪਤ ਹੋ ਰਹੀ ਹੈ। ਇਸਦੇ ਨਾਲ ਹੀ ਅਸੀਂ ਨਵੀਆਂ ਰਸੀਦਬੁੱਕਾਂ ਛਪਵਾ ਰਹੇ ਹਾਂ ਤਾਂ ਕਿ ਸੰਗਤਾਂ ਵੱਲੋਂ ਭੇਟ ਕੀਤੀ ਮਾਇਆ ਦਾ ਰਿਕਾਰਡ ਪਾਰਦਰਸ਼ੀ ਰਹਿ ਸਕੇ।

ਕਿਉਂਕਿ ਗੁਰੂਘਰਾਂ ਵਿੱਚ ਸੰਗਤਾਂ ਮਾਇਆ ਸਿੱਕਿਆਂ ਦੇ ਰੂਪ ਵਿੱਚ ਵੀ ਚੜ੍ਹਾਉਦੀਆਂ ਹਨ ਇਸ ਲਈ ਸਿੱਕਿਆਂ ਨੂੰ ਮੈਨੇਜ ਕਰਨ ਲਈ ਅਸੀਂ ਪੰਜਾਬ ਨੈਸ਼ਨਲ ਬੈਂਕ ਅਤੇ ਐਚਐਸਬੀਸੀ ਬੈਂਕਾਂ ਵਿੱਚ ਖਾਤੇ ਖੋਲ੍ਹੇ ਹਨ। ਇਸ ਲਈ ਭਾਈ ਅਮਰਜੀਤ ਸਿੰਘ ਦਸਣ ਵੱਲੋ ਕਾਫੀ ਮਿਹਨਤ ਕੀਤੀ ਗਈ। ਅਸੀਂ ਸਿੱਖ ਸੰਗਤਾਂ ਨੂੰ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਜੇ ਹੋ ਸਕੇ ਤਾਂ ਮਾਇਆ ਦੀ ਭੇਟਾ ਕਾਰਡ ਰਾਹੀਂ ਜਾਂ ਬੈਂਕ ਟਰਾਂਸਫਰ ਰਾਹੀਂ ਕੀਤੀ ਜਾਵੇ ਤਾਂ ਕਿ ਕੈਸ਼ ਜਮ੍ਹਾਂ ਕਰਵਾਉਣ ਤੋਂ ਬਚਿਆ ਜਾ ਸਕੇ।

ਵਰਤਮਾਨ ਸਮੇਂ ਕਿਉਂਕਿ ਬੈਂਕਾਂ ਦੀ ਵਿਆਜ਼ਦਰ ਕਾਫੀ ਜਿਆਦਾ ਹੈ ਇਸ ਲਈ ਸੰਗਤ ਦੇ ਪੈਸੇ ਦੀ ਯੋਗ ਵਰਤੋਂ ਕਰਨ ਲਈ ਅਸੀਂ ਕਾਫੀ ਸਾਰੀ ਰਕਮ ਬੈਂਕਾਂ ਵਿੱਚ ਜਮ੍ਹਾਂ ਕਰਵਾਈ ਹੈ ਤਾਂ ਕਿ ਵੱਧ ਵਿਆਜ ਰਾਹੀਂ ਪੈਸਾ ਮੁੜ ਸਕੇ।

ਅਸੀਂ ਜਿਉਂ ਜਿਉਂ ਅੱਗੇ ਵਧ ਰਹੇ ਹਾਂ ਸਾਡੇ ਬਹੁਤ ਸਾਰੇ ਪਰਜੈਕਟ ਵੀ ਨਿਰੰਤਰ ਚੱਲ ਰਹੇ ਹਨ ਜਿਵੇ ਇਮਾਰਤ ਦੀ ਮੁਰੰਮਤ, ਨਵੀਨੀਕਰਨ ਆਦਿ। ਜੇ ਸੰਗਤ ਦੇ ਕਿਸੇ ਮੈਂਬਰ ਨੂੰ ਸੰਸਥਾ ਦੇ ਆਰਥਕ ਮਾਮਲਿਆਂ ਬਾਰੇ ਕੋਈ ਸ਼ੱਕ ਸ਼ੁਭਾ ਹੋਵੇ ਤਾਂ ਉਹ ਗੁਰੂਘਰ ਦੀ ਕਮੇਟੀ ਨਾਲ ਸੰਪਰਕ ਕਰ ਸਕਦਾ ਆਰਥਕ ਵਸੀਲਿਆਂ ਦੇ ਮਾਮਲੇ ਵਿੱਚ ਅਸੀਂ ਗੁਰੂ ਸਾਹਿਬ ਅਤੇ ਗੁਰੂ ਦੀ ਸੰਗਤ ਨੂੰ ਹਮੇਸ਼ਾ ਜੁਆਬਦੇਹ ਹੋਵਾਂਗੇ। ਇਹੋ ਹੀ ਸਾਡਾ ਸਭ ਤੋਂ ਮਹੱਤਵਪੂਰਨ ਵਾਅਦਾ ਅਤੇ ਦਾਅਵਾ ਹੈ।

ਜੀਤਪਾਲ ਸਿੰਘ ਸਹੋਤਾ, ਦਵਿੰਦਰਪਾਲ ਸਿੰਘ ਕੂਨਰ, ਹਰਪ੍ਰੀਤ ਕੌਰ ਬੈਂਸ

# MANAGEMENT ACCOUNTS

| Income | July YTD |
|---|---|
| Contactless Golak | £87,317.97 |
| Donation Books Havelock Road | £302,768.12 |
| Donation Books Park Avenue | £450,072.78 |
| Gift Aid | £157,763.24 |
| Golak Havelock Road | £447,074.85 |
| Golak Park Avenue | £603,613.14 |
| Lettings | £38,555.02 |
| Nagar Kirtan | £62,105.00 |
| Online, Standing Orders & Direct Debits | £32,652.77 |
| **Total Income** | **£2,181,922.89** |

| Expenses | July YTD |
|---|---|
| Staffing Costs | £392,560.42 |
| Langar | £290,448.05 |
| Utilities | £247,074.62 |
| Repairs & Maintenance | £228,548.20 |
| Religious Expenses - Paths | £170,377.68 |
| Social, Sports and Welfare, Education | £118,587.73 |
| General running costs | £83,812.05 |
| Development - Park Ave | £50,856.00 |
| Nagar Kirtan | £48,076.32 |
| Insurance | £25,926.60 |
| Audit | £8,161.98 |
| Bank Fees | £6,409.77 |
| Fixed Asset purchases | £76,370.19 |
| **Total Expenses** | **£1,747,209.61** |

| | |
|---|---|
| **Surplus** | **£434,713.28** |
| **Closing Cash** | **£1,779,699.35** |

The Management accounts are prepared on a cash basis. The annual accounts of the Charity are available from the Gurdwara's website.

Members are able to inspect financial records.




Donations are on track to grow on 2022, and we will continue to generate a surplus to reinvest in new initiatives to expand our charitable objectives and our manifesto commitments.

Pingalwara donations continue to be collected and remitted periodically to the Pingalwara Chariy in Amritsar.

# LEGAL

We are committed to ensuring that our **constitution** reflects our values and goals. As such, we have set up a subcommittee to review and reform our constitution.

At the February 23, 2023, General Body Meeting we launched the constitution consultation. We received a total of 10 representations. These are available for inspection for any member by appointment with the General Secretary.

These views are being considered by the Executive Committee. We are aiming to present a draft reformed constitution by the end of the year.

We have performed all out statutory reporting requirements with the Charity's Commissions. We have informed the Commission of out intent to fill the vacancy's of Holding Trustees. The Commission has acknowledged our intentions.

Since the last general body meeting, we are yet to receive the password to the sgsss.president@gmail.com email account from the previous President.

ਸੰਵਿਧਾਨਕ ਸੁਧਾਰ
ਅਸੀਂ ਇਸ ਗੱਲ ਵਿੱਚ ਨਿਸਚਾ ਰੱਖਦੇ ਹਾਂ ਕਿ ਸਾਡਾ ਸੰਵਿਧਾਨ,ਸਾਡੀਆਂ ਕਦਰਾਂ ਕੀਮਤਾਂ ਅਤੇ ਸਾਡੇ ਨਿਸ਼ਾਨਿਆਂ ਦੀ ਤਰਜਮਾਨੀ ਕਰਨ ਵਾਲਾ ਹੋਵੇ। ਇਸੇ ਲਈ ਅਸੀਂ ਇੱਕ ਸਬ-ਕਮੇਟੀ ਬਣਾਈ ਹੈ ਜੋ ਸਭਾ ਦੇ ਸੰਵਿਧਾਨ ਦਾ ਰਿਵਿਊ ਕਰੇਗੀ ਅਤੇ ਸੁਧਾਰ ਲਈ ਸੁਝਾਅ ਦੇਵੇਗੀ।

ਫਰਵਰੀ 2023 ਦੀ ਮੀਟਿੰਗ ਤੋਂ ਬਾਅਦ ਅਸੀਂ ਸੰਵਿਧਾਨ ਬਾਰੇ ਵਿਚਾਰ ਵਟਾਂਦਰੇ ਦਾ ਸੱਦਾ ਦਿੱਤਾ ਸੀ। ਇਸ ਸਬੰਧੀ ਸਾਡੇ ਕੋਲ 10 ਸੁਝਾਅ ਆਏ ਹਨ। ਇਨ੍ਹਾਂ ਸੁਝਾਵਾਂ ਨੂੰ ਸਭਾ ਦੇ ਜਨਰਲ ਸਕੱਤਰ ਨਾਲ ਮਿਲਕੇ ਦੇਖਿਆ ਜਾ ਸਕਦਾ ਹੈ। ਇਨ੍ਹਾਂ ਸੁਝਾਵਾਂ ਬਾਰੇ ਐਗਜ਼ੈਕਟਿਵ ਕਮੇਟੀ ਵਿਚਾਰ ਕਰ ਰਹੀ ਹੈ। ਅਸੀਂ ਇਸ ਸਾਲ ਦੇ ਅੰਤ ਤੱਕ ਸੰਵਿਧਾਨ ਵਿੱਚ ਕੀਤੀਆਂ ਜਾਣ ਵਾਲੀਆਂ ਸੋਧਾਂ ਦਾ ਖਰੜਾ ਜਾਰੀ ਕਰਾਂਗੇ।

ਆਪਣੀ ਪਿਛਲੀ ਆਮ ਮੀਟਿੰਗ ਤੋਂ ਬਾਅਦ ਹੁਣ ਤੱਕ sgsss.president@gmail.com ਦਾ ਈਮੇਲ ਐਡਰੈਸ ਦਾ ਪਾਸਵਰਡ ਪਿਛਲੇ ਪਰਧਾਨ ਸਾਹਿਬ ਤੋਂ ਪਾਸਵਰਡ ਨਹੀਂ ਮਿਲਿਆ ਹੈ।

# EDUCATION

On October 4th 2023 we will be hosting the annual **Sikh Students Freshers Fair** at Guru Nanak Road Gurdwara. Sikh Students from universities will be attending, visiting diverse stalls offering career opportunities, Sikh businesses and volunteer organisations taking part will give guidance, and advice, showcasing projects, and campaigns hosting competitions and giving away prises.

The Sabha teamed up with St Mary's University to help students pick their GCSE choices as the process of choosing is not an easy one and can be confusing. It was great to see the students at our picking your **GCSEs Workshop**. They got advice and guidance on how best to pick GCSEs. They also found out more about A-Levels, BTECS and T-Levels, college, and apprenticeships.

The **Sabha's Punjabi and Gurmat Sangeet Academy** continues to grow. This year we had our first cohort of students taking their GCSE exams through the Sabha. 8 Students took the exams scoring top marks.

From listening to the Sangat, we realised there was significant demand from adults who wished to learn Punjabi, with over 60 students participating in the first cohort. After the summer break, adult classes will be commencing in September 2023.

The Committee is pleased to announce we are seeing an increasing number of external visits to the Gurdwaras. Groups come from across the UK and abroad. They are given tours of the Gurdwara, a talk on the Sikh faith, Q&A session, followed by Guru Ka Langar. Educational literature is also distributed to visitors. The committee would like to thank the Sevadars who do this Seva with such passion.





# EDUCATION

ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਲਗਾਤਾਰ ਸਰਗਰਮੀਆਂ ਜਾਰੀ ਹਨ। ਬੱਚਿਆਂ ਅਤੇ ਮਾਤਾ-ਪਿਤਾ ਨੂੰ ਆਰਟ ਅਤੇ ਕਰਾਫਟ ਰਾਹੀਂ ਸਿੱਖੀ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਦਸਤਾਰ ਦੀ ਸਿਖਲਾਈ ਲਈ ਕਲਾਸਾਂ ਹਰ ਹਫਤੇ ਲਗਦੀਆਂ ਹਨ। ਬੱਚੀਆਂ ਲਈ ਵੀ ਮਹੀਨੇ ਵਿੱਚ ਇੱਕ ਵਾਰ ਗੁਰਮਤ ਕਲਾਸ ਲਗਾਈ ਜਾਂਦੀ ਹੈ।

4 ਅਕਤੂਬਰ 2023 ਨੂੰ ਗੁਰੂ ਨਾਨਕ ਰੋਡ ਗੁਰਦੁਆਰਾ ਸਾਹਿਬ ਵਿਖੇ ਸਿੱਖ ਵਿਦਿਆਰਥੀਆਂ ਲਈ ਸਾਲਾਨਾ ਜਾਣਕਾਰੀ ਮੇਲਾ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਯੂਨੀਵਰਸਿਟੀਆਂ ਦੇ ਨੌਜਵਾਨ ਬੱਚੇ ਬੱਚੀਆਂ ਉਨ੍ਹਾਂ ਦੀ ਨੌਕਰੀ ਅਤੇ ਕੰਮਕਾਜ ਦੇ ਮੌਕਿਆਂ ਬਾਰੇ ਜਾਣਕਾਰੀ ਹਾਸਲ ਕਰਨਗੇ। ਇਸ ਮੌਕੇ ਤੇ ਜਿਹੜੇ ਬਿਜ਼ਨੈਸ ਅਦਾਰੇ ਅਤੇ ਵਲੰਟੀਅਰ ਮੌਜੂਦ ਹੋਣਗੇ ਉਹ ਨੌਜਵਾਨਾਂ ਨੂੰ ਨੌਕਰੀ ਅਤੇ ਕੌਮਕਾਜ ਦੇ ਮੌਕਿਆਂ ਬਾਰੇ ਜਾਣਕਾਰੀ ਦੇਣਗੇ। ਇਸ ਮੌਕੇ ਤੇ ਬੱਚਿਆਂ ਦੇ ਕਈ ਤਰ੍ਹਾਂ ਦੇ ਮੁਕਾਬਲੇ ਵੀ ਹੋਣਗੇ ਅਤੇ ਜੇਤੂ ਨੌਜਵਾਨਾਂ ਨੂੰ ਇਨਾਮ ਵੰਡੇ ਜਾਣਗੇ।

ਗਿਆਨੀ ਦਿੱਤ ਸਿੰਘ ਹਾਲ, ਪਾਰਕ ਐਵੇਨਿਯੂ ਵਿਖੇ ਸਿੱਖ ਸਟੱਡੀਜ਼ ਕੋਰਸ ਭਾਗ-2 ਤਹਿਤ ਸਿੱਖ ਵਿਦਿਆਰਥੀਆਂ ਨੂੰ ਗੁਰਮਤ ਦੀ ਜਾਣਕਾਰੀ ਸਾਰਾ ਸਾਲ ਦਿੱਤੀ ਜਾਂਦੀ ਹੈ। ਇਸ ਕੋਰਸ ਵਿੱਚ ਸੰਗਤ ਦੇ 30 ਮੈਂਬਰਾਂ ਨੇ ਭਾਗ ਲਿਆ ਅਤੇ ਸਿੱਖ ਇਤਿਹਾਸ, ਵਿਚਾਰਧਾਰਾ ਅਤੇ ਸੱਭਿਆਚਾਰ ਬਾਰੇ ਵਿਸਤਾਰਿਤ ਜਾਣਕਾਰੀ ਹਾਸਲ ਕੀਤੀ। ਇਹ ਕੋਰਸ ਸਿੱਖ ਐਜੂਕੇਸ਼ਨ ਕੌਂਸਲ ਵੱਲੋਂ ਚਲਾਇਆ ਜਾਂਦਾ ਹੈ।

ਸਿੰਘ ਸਭਾ ਨੇ ਸੇਂਟ ਮੈਰੀ ਯੂਨੀਵਰਸਿਟੀ ਨਾਲ ਮਿਲਕੇ ਵਿਦਿਆਰਥੀਆਂ ਨੂੰ ਜੀਸੀਐਸਸੀ ਦੇ ਪਾਠਕ੍ਰਮ (ਸਬਜੈਕਟ) ਚੁਣਨ ਵਿੱਚ ਸਹਾਇਤਾ ਕਰਨ ਦਾ ਯਤਨ ਅਰੰਭਿਆ ਹੈ। ਬਹੁਤ ਸਾਰੇ ਵਿਦਿਆਰਥੀ ਉਸ ਅਹਿਮ ਮੌਕੇ ਤੇ ਕਈ ਵਾਰ ਗਲਤ ਫੈਸਲੇ ਕਰ ਲੈਂਦੇ ਹਨ ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਪ੍ਰਭਾਵਿਤ ਹੁੰਦੀ ਹੈ। ਇਸ ਲਈ ਸਿੰਘ ਸਭਾ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਲਈ ਰਾਹ-ਦਰਸਾਵਾ ਬਣਨ ਦਾ ਯਤਨ ਕਰੇਗੀ। ਇਸੇ ਤਰ੍ਹਾਂ ਏ-ਲੈਵਲ,ਬੀਟੈਕਜ਼ ਅਤੇ ਟੀ ਲੈਵਲਜ਼ ਦੇ ਕਾਲਜ ਅਤੇ ਅਪਰੈਂਟਿਸਸ਼ਿੱਪ ਚੁਣਨ ਵਿੱਚ ਵੀ ਵਿਦਿਆਰਥੀਆਂ ਦੀ ਮਦਦ ਕੀਤੀ ਗਈ। ਦਸੰਬਰ 2022 ਵਿੱਚ ਅਸੀਂ ਨਿੱਜੀ ਸਟੇਟਮੈਂਟ ਬਾਰੇ ਇੱਕ ਵਰਕਸ਼ਾਪ ਲਗਾਈ ਤਾਂ ਕਿ ਯੂਨੀਵਰਸਿਟੀ ਜਾਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪਰਸਨਲ ਸਟੇਟਮੈਂਟ ਬਣਾਉਣ ਵਿੱਚ ਸਹਾਇਤਾ ਕੀਤੀ ਜਾ ਸਕੇ।

ਪਿਛਲੇ ਸਾਲ ਅਸੀਂ ਵੱਡਿਆਂ ਨੂੰ ਪੰਜਾਬੀ ਪੜ੍ਹਾਉਣ ਦੀਆਂ ਕਲਾਸਾਂ ਅਰੰਭ ਕਰਨ ਦਾ ਫੈਸਲਾ ਕੀਤਾ ਸੀ। ਸੰਗਤਾਂ ਤੋਂ ਸਾਨੂੰ ਪਤਾ ਲੱਗਾ ਕਿ ਬਹੁਤ ਸਾਰੇ ਵੱਡੇ ਭੈਣ-ਭਰਾ ਪੰਜਾਬੀ ਸਿੱਖਣੀ ਚਾਹੁੰਦੇ ਹਨ। ਹੁਣ ਤੱਕ ਸਾਡੇ ਕੋਲ 60 ਵਿਅਕਤੀਆਂ ਨੇ ਪੰਜਾਬੀ ਪੜ੍ਹਨ ਲਈ ਰਜਿਸਟਰ ਕੀਤਾ ਹੈ। ਸਤੰਬਰ 2023 ਵਿੱਚ ਇਹ ਕਲਾਸ ਅਰੰਭ ਹੋ ਰਹੀ ਹੈ।
ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪੰਜਾਬੀ ਅਤੇ ਗੁਰਮਤ ਸੰਗੀਤ ਅਕੈਡਮੀ ਲਗਾਤਾਰ ਅੱਗੇ ਵਧ ਰਹੀ ਹੈ। ਇਸ ਸਾਲ ਬਹੁਤ ਸਾਰੇ ਵਿਦਿਆਰਥੀਆਂ ਨੇ ਸਿੰਘ ਸਭਾ ਦੇ ਸਹਿਯੋਗ ਨਾਲ ਆਪਣੇ ਜੀਸੀਐਸਸੀ ਇਮਤਿਹਾਨ ਦਿੱਤੇ ਅਤੇ ਬਹੁਤ ਚੰਗੇ ਨੰਬਰ ਹਾਸਲ ਕੀਤੇ।

ਸਾਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸਿੰਘ ਸਭਾ ਵਿੱਚ ਸਕੂਲੀ ਬੱਚਿਆਂ ਦੇ ਗਰੁੱਪਾਂ ਦੀ ਆਮਦ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹ ਵਿਦਿਆਰਥੀਆਂ ਦੇ ਗਰੁੱਪ ਯੂਕੇ ਦੇ ਵੱਖ ਵੱਖ ਭਾਗਾਂ ਵਿੱਚੋਂ ਆ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਂਦੇ ਹਨ, ਉਨ੍ਹਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ, ਇੱਕ ਸੁਆਲ ਜੁਆਬ ਦਾ ਸ਼ੈਸ਼ਨ ਹੁੰਦਾ ਹੈ ਅਤੇ ਫਿਰ ਲੰਗਰ ਛਕਾਇਆ ਜਾਂਦਾ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਧਰਮ ਬਾਰੇ ਲਿਟਰੇਚਰ ਵੀ ਵੰਡਿਆ ਜਾਂਦਾ ਹੈ। ਗੁਰੂਘਰ ਦੀ ਕਮੇਟੀ ਉਨ੍ਹਾਂ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ ਜੋ ਇਹ ਸੇਵਾ ਲਗਨ ਨਾਲ ਕਰ ਰਹੇ ਹਨ।



# SPORTS & SOCIAL

This summer we held the Southall Summer Camp and Summer Sports Camp, which over 200 children attended over the course of 2 weeks. The camps were focused on inspiring young minds to embark on a transformative adventure of exploration, growth, and learning. We recognise that today's youth encounter distinct challenges, and that's why we've meticulously crafted our programs to directly confront and conquer these hurdles.

Regular events for children and young adults include:

- Weekly after school club for children with special educational needs & and disabilities (SEND), to provide an opportunity for them to learn about the Gurdwara, Sikh customs and traditions, sensory play, kirtan, sakhies, and much more.
- Weekly Friday art workshops for SEND children take place at Park Avenue Gurdwara.
- Kaur's Connect's monthly Sikh females forum at Guru Nanak Road Gurdwara
- Weekly homework club for 12-18-year-olds run by experienced volunteers to help children with their homework, coursework, assignments, and exam revision, covering core GCSE and A-level subjects including English, Maths and Science.
- We have continued to grow the number of sporting activities taking part at the Sabha. Currently, activities include gatka, wrestling, MMA and netball.
- Football camps take part during every school holidays, where over 30 children regular take part in football training sessions.
- Duke of Edinburgh programmes continue to run periodically.






# SPORTS & SOCIAL

ਸਿੰਘ ਸਭਾ ਦੁਨੀਆਂ ਭਰ ਵਿੱਚ ਉਹ ਪਹਿਲਾ ਗੁਰੂਘਰ ਹੈ ਜਿਸ ਨੂੰ ਡਿਊਕ ਆਫ ਇਡਨਬਰਾ ਦਾ ਲਾਇਸੰਸ ਪਰਾਪਤ ਹੈ। ਇਹ ਪਰਾਪਤੀ 2018 ਵਿੱਚ ਹੋਈ।

ਸਿੰਘ ਸਭਾ ਨਾਲ ਜੁੜੇ ਤਿੰਨ ਵਿਦਿਆਰਥੀ ਸਮੂਹਾਂ (ਈਅਰ ਗਰਪੁੱਜ਼) ਨੇ ਡਿਪਾਟਮੈਂਟ ਆਫ ਐਜੂਕੇਸ਼ਨ ਦੀ ਸਾਲਾਨਾ ਮੁਹਿੰਮ ਵਿੱਚ ਹਿੱਸਾ ਲੈਕੇ ਇਨਾਮ ਪਰਾਪਤ ਕੀਤੇ ਹਨ। ਇਹ ਮੁਹਿੰਮ ਸਰੀ ਵਿਖੇ ਕੀਤੀ ਗਈ ਸੀ। ਇਸ ਸਿੱਖਿਆਦਾਇਕ ਮੁਹਿੰਮ ਦੌਰਾਨ ਵਿਦਿਆਰਥੀਆਂ ਨੂੰ ਅਨੁਸ਼ਾਸ਼ਨ, ਸਹਿਯੋਗ (ਟੀਮ ਵਰਕ), ਬਚਾਅ ਦੀਆਂ ਤਕਨੀਕਾਂ,ਸਮੱਸਿਆਵਾਂ ਨੂੰ ਹੱਲ ਕਰਨ ਦੇ ਤਰੀਕੇ, ਫੌਜੀ ਜਿੰਦਗੀ, ਕੈਂਪ ਜਿੰਦਗੀ, ਫਿੱਟਨੈਸ ਟਰੇਨਿੰਗ, ਰਾਤ ਦੀ ਗਸ਼ਤ ਆਦਿ ਵਰਗੀਆਂ ਬਹੁਤ ਸਾਰੀਆਂ ਅਹਿਮ ਜਾਣਕਾਰੀਆਂ ਹਾਸਲ ਕੀਤੀਆਂ। ਇਸ ਸਾਲ ਸਾਡੇ ਕੋਲ 75 ਬੱਚੇ ਰਜਿਸਟਰ ਹਨ ਜੋ ਗੋਲਡ ਲੈਵਲ ਐਵਾਰਡ ਲਈ ਯਤਨ ਕਰਨਗੇ। ਸਾਡੇ ਕੋਲ 9 ਮੈਬਰੀ ਟੀਮ ਅਤੇ ਇੱਕ ਉਨ੍ਹਾਂ ਦਾ ਨਿਗਰਾਨ ਹੈ ਜੋ ਪਹਾੜਾਂ ਤੇ ਚੜ੍ਹਨ ਦੀ ਲੀਡਰਸ਼ਿੱਪ ਯੋਗਤਾ ਹਾਸਲ ਕਰਨਗੇ। ਇਸ ਸਾਲ ਸਤੰਬਰ ਵਿੱਚ ਸਾਡੇ ਵਿਦਿਆਰਥੀ ਵੇਲਜ਼ ਵਿੱਚ ਇੱਕ ਹੋਰ ਮੁਹਿੰਮ ਤੇ ਜਾਣਗੇ।

12 ਤੋਂ 18 ਸਾਲ ਦੇ ਸਿੱਖ ਬੱਚਿਆਂ ਨੂੰ ਉਨ੍ਹਾਂ ਦੀਆਂ ਧਾਰਮਕ ਅਤੇ ਵਿਦਿਅਕ ਜਿੰਮੇਵਾਰੀਆਂ ਚੇਤੰਨਤਾ ਨਾਲ ਨਿਭਾਉਣ ਦੇ ਮਕਸਦ ਨਾਲ ਇਨ੍ਹਾਂ ਬੱਚਿਆਂ ਦੀ ਸਹਾਇਤਾ ਲਈ ਵੀ ਸਿੰਘ ਸਭਾ ਵੱਲੋਂ ਸਰਗਰੀਆਂ ਚੱਲ ਰਹੀਆਂ ਹਨ। ਬਹੁਤ ਹੀ ਸਿਆਣੇ ਅਤੇ ਪ੍ਰਤੀਬੱਧ ਵਲੰਟੀਅਰਜ਼ ਵੱਲੋਂ ਚਲਾਏ ਜਾ ਰਹੇ ਇਸ ਗਰੁੱਪ ਵਿੱਚ ਬੱਚਿਆਂ ਨੂੰ ਹੋਮ ਵਰਕ ਠੀਕ ਢੰਗ ਨਾਲ ਕਰਨ,ਕੋਰਸਵਰਕ ਦੌਰਾਨ ਸਹਾਇਤਾ,ਅਸਾਈਨਮੈਂਟਜ਼ ਲਈ ਅਗਵਾਈ ਅਤੇ ਹੋਰ ਵਿਦਿਅਕ ਲੋੜਾਂ ਲਈ ਸਹਾਇਤਾ ਰੂਪੀ ਮੋਢਾ ਪਰਦਾਨ ਕੀਤਾ ਜਾਂਦਾ ਹੈ।

ਸਿੰਘ ਸਭਾ ਦੀ ਅਗਵਾਈ ਅਤੇ ਸਹਾਇਤਾ ਨਾਲ ਖੇਡਾਂ ਦੇ ਖੇਤਰ ਵਿੱਚ ਵੀ ਸਰਗਰਮੀਆਂ ਜਾਰੀ ਹਨ। ਇਸ ਮੌਕੇ ਤੇ ਗੱਤਕਾ,ਘੋਲਾਂ (ਰੈਸਲੰਗ), ਐਮਐਮਏ ਅਤੇ ਨੈਟਬਾਲ ਵਰਗੀਆਂ ਖੇਡਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸਕੂਲਾਂ ਦੀਆਂ ਛੁੱਟੀਆਂ ਮੌਕੇ ਫੁੱਟਬਾਲ ਦੇ ਕਲੱਬ ਵੀ ਲਗਾਏ ਜਾਂਦੇ ਹਨ ਜਿਨ੍ਹਾਂ ਵਿੱਚ ਲਗਭਗ 30 ਖਿਡਾਰੀ ਹਿੱਸਾ ਲੈਂਦੇ ਹਨ।

ਇਨ੍ਹਾਂ ਗਰਮੀਆਂ ਮੌਕੇ ਅਸੀਂ ਸਾਊਥਾਲ ਸਮਰ ਕੈਂਪ ਅਤੇ ਸਮਰ ਸਪੋਰਟਸ ਕੈਂਪ ਦਾ ਪਰਬੰਧ ਕੀਤਾ। ਇਨ੍ਹਾਂ ਕੈਂਪਾਂ ਵਿੱਚ ਦੋ ਹਫਤਿਆਂ ਲਈ ਲਗਭਗ 200 ਨੌਜਵਾਨ ਬੱਚੇ ਬੱਚੀਆਂ ਨੇ ਹਿੱਸਾ ਲਿਆ। ਇਨ੍ਹਾਂ ਕੈਂਪਾਂ ਦਾ ਮੁੱਖ ਮਕਸਦ ਨੌਜਵਾਨਾਂ ਦੀ ਮਾਨਸਿਕਤਾ ਅਤੇ ਸਰੀਰਕ ਸ਼ਕਤੀ ਨੂੰ ਉਸਾਰੂ ਪਾਸੇ ਲਗਾਕੇ ਉਨ੍ਹਾਂ ਦੀ ਕਿਰਿਆਸ਼ੀਲਤਾ ਦੇ ਪਸਾਰ ਨੂੰ ਵਧਾਉਣਾਂ ਸੀ। ਅਸੀਂ ਜਾਣਦੇ ਹਾਂ ਕਿ ਵਰਤਮਾਨ ਸਮੇਂ ਦੇ ਨੌਜਵਾਨ ਸਾਹਮਣੇ ਬਹੁਤ ਸਾਰੀਆਂ ਚੁਣੌਤੀਆਂ ਹਨ ਇਸੇ ਲਈ ਅਸੀਂ ਇਨ੍ਹਾਂ ਕੈਂਪਾਂ ਦੀਆਂ ਸਮੁੱਚੀਆਂ ਸਰਗਰਮੀਆਂ ਨੂੰ ਇਸ ਤਰ੍ਹਾਂ ਉਲੀਕਆ ਸੀ ਤਾਂ ਕਿ ਨੌਜਵਾਨ ਇਨ੍ਹਾਂ ਚੁਣੌਤੀਆਂ ਤੇ ਜਿੱਤ ਹਾਸਲ ਕਰਨ ਦੀ ਯੋਗਤਾ ਅਤੇ ਹੌਸਲਾ ਪੈਦਾ ਕਰ ਸਕਣ।

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਗੁਰਦੁਆਰਾ ਸਾਹਿਬ ਵਿਖੇ ਸਾਇਕਲ ਲਈ ਉਤਸ਼ਾਹ ਪੈਦਾ ਕਰਨ ਲਈ ਸਰਗਰਮੀਆਂ ਕਰ ਰਿਹਾ ਹੈ। ਲੈਟਸ ਗੋ ਸਾਊਥਾਲ ਪਰਜੈਕਟ ਅਧੀਨ ਇਹ ਯੋਜਨਾ ਤਿਆਰ ਕੀਤੀ ਗਈ ਹੈ। ਈਲੰਗਿ ਕੌਂਸਲ ਨਾਲ ਮਿਲਕੇ ਨੌਜਵਾਨਾਂ ਅਤੇ ਬਜ਼ੁਰਗਾਂ ਵਿੱਚ ਸਾਇਕਲ ਚਲਾਉਣ ਦੀ ਰੀਝ ਪੈਦਾ ਕਰਨ ਦੇ ਯਤਨ ਹੋ ਰਹੇ ਹਨ। ਸਾਡੇ ਯਤਨਾਂ ਨੂੰ ਬੂਰ ਪਿਆ ਹੈ ਅਤੇ ਬਹੁਤ ਸਾਰੇ ਬਜ਼ੁਰਗ ਵੀ ਹੁਣ ਸਾਇਕਲ ਚਲਾਉਣ ਦੀ ਮੁਹਿੰਮ ਵਿੱਚ ਸ਼ਾਮਲ ਹੋ ਰਹੇ ਹਨ।



# GUR KA LANGAR







At both Gurdwaras, Guru ka Langar is provided daily from Amrit Vela to late at night. We are grateful to all Sevadars who continue Guru Nanak's Langar today. We encourage everyone to participate in Seva in the Langar, provided they adhere to food hygiene and health and safety rules. More details can be found on the notice boards in the Langar hall.

We are proud to be a "sero to Landfill" organisation, in line with Sikhi principles, which aim to reduce the environmental impact of our operations. All the waste generated gets recycled or turned into electricity. A new compactor was installed at Park Ave Gurdwara which has reduced our collections by 75%.

ਦੋਹਾਂ ਗੁਰੂਘਰਾਂ ਵਿੱਚ ਗੁਰੂ ਕਾ ਲੰਗਰ ਅੰਮ੍ਰਿਤ ਵੇਲੇ ਤੋਂ ਹੀ ਵਰਤਾਇਆ ਜਾਂਦਾ ਹੈ। ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤੱਕ ਲੰਗਰ ਦੇ ਵਰਤਾਇਆ ਜਾਂਦਾ ਹੈ। ਅਸੀਂ ਉਨ੍ਹਾਂ ਸਾਰੇ ਸੇਵਾਦਾਰਾਂ ਦੇ ਧੰਨਵਾਦੀ ਹਾਂ ਜੋ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਲੰਗਰ ਦੀ ਰਵਾਇਤ ਨੂੰ ਅੱਜ ਵੀ ਜਾਰੀ ਰੱਖ ਰਹੇ ਹਨ। ਅਸੀਂ ਲੰਗਰ ਵਿੱਚ ਸੇਵਾ ਕਰਨ ਦੇ ਚਾਹਵਾਨ ਸ਼ਰਧਾਵਾਨਾਂ ਨੂੰ ਸੇਵਾ ਕਰਨ ਦੀ ਅਪੀਲ ਵੀ ਕਰਦੇ ਹਾਂ। ਲੰਗਰ ਵਿੱਚ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਇਸ ਸਬੰਧੀ ਲਾਗੂ ਕਨੂੰਨੀ ਵਿਧੀਆਂ ਦੀ ਪਾਲਣਾਂ ਕਰਨੀ ਪਵੇਗੀ।

ਅਸੀਂ ਘੱਟ ਤੋਂ ਘੱਟ ਕੂੜਾ ਪੈਦਾ ਕਰਨ ਵਾਲੀ ਸੰਸਥਾ ਹੋਣ ਦਾ ਮਾਣ ਕਰਦੇ ਹਾਂ। ਜਿਸਨੂੰ ਜ਼ੀਰੋ ਟੂ ਲੈਂਡਫਿੱਲ ਆਖਿਆ ਜਾਂਦਾ ਹੈ। ਗੁਰੂਘਰ ਦੀਆਂ ਸਰਗਰਮੀਆਂ ਕਾਰਨ ਜੋ ਕੂੜਾ ਇਕੱਠਾ ਹੁੰਦਾ ਹੈ ਉਸਦਾ 75ਫੀਸਦੀ ਰੀਸਾਇਕਲ ਹੋ ਜਾਂਦਾ ਹੈ ਅਤੇ ਉਸਤੋਂ ਬਿਜਲੀ ਬਣਾਈ ਜਾਂਦੀ ਹੈ। ਪਾਰਕ ਐਵੇਨਿਊ ਗੁਰਦੁਆਰਾ ਸਾਹਿਬ ਵਿਖੇ ਲਗਾਏ ਗਏ ਨਵੇਂ ਕੰਪੈਕਟਰ ਨਾਲ ਵਾਤਾਵਰਨ ਨੂੰ ਪਰਦੂਸ਼ਿਤ ਹੋਣ ਤੋਂ ਬਚਾਉਣ ਦੀ ਮੁਹਿੰਮ ਵਿੱਚ ਵੱਡਾ ਯੋਗਦਾਨ ਪਿਆ ਹੈ।

ਅਸੀਂ ਆਪਣੇ ਉਨ੍ਹਾਂ ਸੇਵਾਦਾਰਾਂ ਦਾ ਵੀ ਧੰਨਵਾਦ ਕਰਦੇ ਹਾਂ ਜੋ ਸਾਡੇ ਭਾਈਚਾਰੇ ਦੇ ਲੋੜਵੰਦ ਬੱਚੇ ਬੱਚੀਆਂ ਲਈ ਯੋਗ ਵਰ ਲੱਭਣ ਦੀ ਸੇਵਾ ਨਿਭਾ ਰਹੇ ਹਨ। ਗੁਰੂ ਘਰ ਦੀ ਪਰਬੰਧਕ ਕਮੇਟੀ ਇਸ ਕਾਰਜ ਲਈ ਆਪਣੀ ਸਹਾਇਤਾ ਜਾਰੀ ਰੱਖੇਗੀ।



# TECHNOLOGY

We have updated our IT infrastructure to improve our services and reduce costs. Our phone and internet providers have been merged, and we have set up an internal network to enhance the efficiency, security, and management of the charity's affairs. We are also proud to announce that a new sound system is being installed in Park Ave and Hall 2 of Guru Nanak Road Gurdwara, and the network across PA and GNR is being fixed. Additionally, a live video from Park Avenue and Havelock Road Gurdwara is available each day on YouTube for the convenience of our Sangat.

Other technology improvements include:

- Purchase of a portable system to live stream full Nagar Kirtan from Palki Sahib for first-ever time
- CCTV system upgraded at Park Avenue.
- Installed access points, created a mesh system and improved general network infrastructure at Park Avenue.
- Installation of a new future-proof fibre gigabyte internet line at Guru Nanak Road.
- Moving the old paper-based stage booking system to a digital cloud-based system linked to the website, with a Ragi booking request form.

ਅਸੀਂ ਆਪਣੀਆਂ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਅਤੇ ਖਰਚੇ ਘਟਾਉਣ ਲਈ ਆਪਣੀ ਸੂਚਨਾ ਤਕਨੀਕ ਵਿੱਚ ਸੁਧਾਰ ਕੀਤੇ ਹਨ। ਸਾਡੇ ਫੋਨ ਅਤੇ ਇੰਟਰਨੈਟ ਪਰਦਾਨ ਕਰਨ ਵਾਲੀਆਂ ਸੰਸਥਾਵਾਂ ਦਾ ਰਲੇਵਾਂ ਕਰ ਦਿੱਤਾ ਗਿਆ ਹੈ। ਸੂਚਨਾ ਦੇ ਜਲਦ ਅਦਾਨ ਪਰਦਾਨ ਲਈ ਅਸੀਂ ਆਪਣੇ ਅੰਦਰੂਨੀ ਨੈਟਵਰਨ ਨੂੰ ਸੁਧਾਰਿਆ ਹੈ।ਇਸ ਨਾਲ ਸੰਸਥਾ ਦੇ ਕੰਮਕਾਜ ਵਿੱਚ ਸੁਧਾਰ ਆਵੇਗਾ। ਅਸੀਂ ਇਹ ਵੀ ਦੱਸਣ ਦੀ ਖੁਸ਼ੀ ਲੈ ਰਹੇ ਹਾਂ ਕਿ ਪਾਰਕ ਐਵੇਨਿਊ ਅਤੇ ਗੁਰੂ ਨਾਨਕ ਰੋਡ ਗੁਰਦੁਆਰਾ ਦੇ ਦੋ ਨੰਬਰ ਹਾਲ ਦਾ ਸਾਊਂਡ ਸਿਸਟਮ ਨਵਾਂ ਲਗਾਇਆ ਜਾ ਰਿਹਾ ਹੈ। ਦੋਵਾਂ ਗੁਰੂਘਰਾਂ ਦਾ ਸੰਚਾਰ ਸਿਸਟਮ ਵੀ ਬਿਹਤਰ ਕਰ ਦਿੱਤਾ ਗਿਆ ਹੈ। ਸੰਗਤਾਂ ਦੀ ਸਹੂਲਤ ਲਈ ਪਾਰਕ ਐਵੇਨਿਊ ਗੁਰੂਘਰ ਅਤੇ ਹੈਵਲਕ ਰੋਡ ਗੁਰੂਘਰ ਦੇ ਸਮਾਗਮਾਂ ਦੀ ਲਾਈਵ ਵੀਡੀਓ ਯੂ ਟਿਯੂਬ ਤੇ ਉਪਲਬਧ ਕਰਵਾਈ ਗਈ ਹੈ।

ਹੋਰ ਤਕਨੀਕੀ ਵਿਸਥਾਰ

- ਨਗਰ ਕੀਰਤਨ ਵੇਲੇ ਪਾਲਕੀ ਸਾਹਿਬ ਦੇ ਨਾਲ ਨਾਲ ਲਾਈਵ ਵੀਡੀਓ ਟੈਲੀਕਾਸਟ ਦੇ ਪਰਬੰਧ।
- ਪਾਰਕ ਐਵੇਨਿਊ ਵਿਖੇ ਕੈਮਰੇ ਸੁਧਾਰੇ ਗਏ (ਅਪਗਰੇਡ ਕੀਤੇ ਗਏ)
- ਪਾਰਕ ਐਵੇਨਿਊ ਦੇ ਸੰਚਾਰ ਸਿਸਟਮ ਨੂੰ ਵਧੀਆ ਬਣਾਉਣ ਲਈ ਕਈ ਤਕਨੀਕੀ ਸੁਧਾਰ ਕੀਤੇ ਗਏ।
- ਗੁਰੂ ਨਾਨਕ ਰੋਡ ਗੁਰੂਘਰ ਵਿਖੇ ਫਾਈਬਰ ਇੰਟਰਨੈਟ ਲਾਈਨ ਲਗਾਈ ਗਈ।
- ਸਟੇਜ ਦੀ ਬੁਕਿੰਗ ਲਈ ਤਕਨੀਕੀ ਸਿਸਟਮ ਲਗਾਇਆ ਗਿਆ।



# GOVERNANCE

We uphold transparency and accountability in our governance practices. As per the constitution, any member is welcome to inspect the minutes of Executive Committee meetings.

We are pleased to announce that all meeting minute summaries can be viewed on the Gurdwara website: sgsss.org/constitution-report.

To further enhance transparency around the stage booking, we have published the future timetable on our website and given access for any Jatha to request time to perform Kirtan/Katha/Dhadi. This can be accessed by visiting: www.sgsss.org/stage/.

We have developed HR policies and modernised employee contracts to ensure that both staff and the Sabha are adequately protected and that best practices are in place.
The Executive Committee are proud to announce that we are aiming to become a London Living Wage Employer. We are currently consulting with our employees and our intention is to ensure that all Gurdwara Staff earn a good living wage.

We have set up subcommittees to work on specific areas of our operations, such as finance, HR, Building, and community outreach. These subcommittees will provide additional support and expertise to the executive committee. More details are contained within the State of the Sabha Report.



# GOVERNANCE

ਗੁਰੂਘਰ ਦਾ ਪਰਬੰਧ ਚਲਾਉਂਦਿਆਂ ਅਸੀਂ ਪਾਰਦਰਸ਼ਤਾ ਅਤੇ ਜੁਆਬਦੇਹੀ ਨੂੰ ਪਰਮੁੱਖ ਰੱਖਦੇ ਹਾਂ। ਗੁਰੂਘਰ ਦੇ ਸੰਵਿਧਾਨ ਅਨੁਸਾਰ ਕੋਈ ਵੀ ਕਮੇਟੀ ਦੀਆਂ ਮੀਟਿੰਗਾਂ ਦਾ ਰਿਕਾਰਡ ਚੈਕ ਕਰ ਸਕਦਾ ਹੈ। ਅਸੀਂ ਇਸ ਗੱਲ ਨੂੰ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ ਕਿ ਪਰਬੰਧਕ ਕਮੇਟੀ ਦੀ ਹਰ ਮੀਟਿੰਗ ਵਿੱਚ ਵਿਚਾਰੇ ਗਏ ਮਸਲਿਆਂ ਅਤੇ ਹੋਏ ਫੈਸਲਿਆਂ ਬਾਰੇ ਹੁਣ ਗੁਰੂਘਰ ਦੀ ਵੈਬਸਾਈਟ ਤੋਂ ਜਾਣਕਾਰੀ ਹਾਸਲ ਕੀਤੀ ਜ ਸਕਦੀ ਹੈ। ਹਰ ਮੀਟਿੰਗ ਦੀ ਜਾਣਕਾਰੀ ਵੈਬਸਾਈਟ ਤੇ ਚੜ੍ਹਾ ਦਿੱਤੀ ਜਾਂਦੀ ਹੈ।

ਪਰਬੰਧ ਵਿੱਚ ਹੋਰ ਪਾਰਦਰਸ਼ਤਾ ਲਿਆਉਣ ਦੇ ਮਨਸ਼ੇ ਨਾਲ ਸਟੇਜ ਬੁਕਿੰਗ ਦੀ ਸਾਰੀ ਜਾਣਕਾਰੀ ਵੀ ਵੈਬਸਾਈਟ ਤੇ ਚੜ੍ਹਾ ਦਿੱਤੀ ਜਾਂਦੀ ਹੈ ਤਾਂ ਕਿ ਕੋਈ ਵੀ ਜਥਾ ਆਪਣੇ ਵਿੱਤ ਅਨੁਸਾਰ ਗੁਰੂਘਰ ਦੀ ਸਟੇਜ ਤੋਂ ਧਰਮ ਪਰਚਾਰ ਕਰਨ ਲਈ ਬੁਕਿੰਗ ਕਰਵਾ ਸਕੇ।

ਸਿੰਘ ਸਭਾ ਸਾਊਥਾਲ ਵੱਲੋਂ ਆਪਣੀਆਂ ਪੇਸ਼ੇ ਸਬੰਧੀ ਨੀਤੀਆਂ ਵਿੱਚ ਵੀ ਪਾਰਦਰਸ਼ਤਾ ਲਿਆਂਦੀ ਗਈ ਹੈ। ਗੁਰੂਘਰ ਨਾਲ ਨੌਕਰੀ ਕਰ ਰਹੇ ਵਿਅਕਤੀਆਂ ਲਈ ਅਜਿਹੀਆਂ ਰੁਜ਼ਗਾਰ ਸਬੰਧੀ ਨੀਤੀਆਂ ਬਣਾਈਆਂ ਗਈਆਂ ਹਨ ਜਿਸ ਨਾਲ ਨਾ ਗੁਰੂਘਰ ਦਾ ਨੁਕਸਾਨ ਹੋਵੇ ਨਾ ਮੁਲਾਜਮਾਂ ਦਾ।

ਅਸੀਂ ਇਹ ਗੱਲ ਵੀ ਮਾਣ ਨਾਲ ਦੱਸ ਰਹੇ ਹਾਂ ਕਿ ਅਸੀਂ ਆਪਣੇ ਮੁਲਾਜਮਾਂ ਨੂੰ ਸਰਕਾਰੀ ਤੌਰ ਤੇ ਮਾਨਤਾ ਪਰਾਪਤ ਲੰਡਨ ਲਿਵਿੰਗ ਵੇਜ਼ ਇੰਪਲਾਇਰ ਅਧੀਨ ਹੀ ਤਨਖਾਹ ਅਤੇ ਭੱਤੇ ਪਰਦਾਨ ਕਰਾਂਗੇ। ਇਸ ਮਨਸ਼ੇ ਲਈ ਅਸੀਂ ਆਪਣੇ ਮੁਲਾਜਮਾਂ ਨਾਲ ਗੱਲਬਾਤ ਕਰ ਰਹੇ ਹਾਂ। ਸਾਡਾ ਮਨਸ਼ਾ ਹੈ ਕਿ ਸਾਡਾ ਸਟਾਫ ਸਤਕਾਰਯੋਗ ਤਨਖਾਹ ਹਾਸਲ ਕਰੇ।

ਅਸੀਂ ਗੁਰੂਘਰ ਦੇ ਪਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਵੱਖ ਵੱਖ ਕਮੇਟੀਆਂ ਦਾ ਗਠਨ ਕੀਤਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ-ਫਾਇਨਾਂਸ ਕਮੇਟੀ,ਐਚ ਆਰ ਕਮੇਟੀ,ਬਿਲਿਡਿੰਗ ਕਮੇਟੀ ਅਤੇ ਭਾਈਚਾਰੇ ਨਾਲ ਵਿਚਾਰ ਕਰਨ ਵਾਲੀ ਕਮੇਟੀ ਜਿਸ ਨੂੰ ਕਮਿਊਨਿਟੀ ਆਊਟਰੀਚ ਕਮੇਟੀ ਕਿਹਾ ਜਾਂਦਾ ਹੈ। ਇਸ ਸਬੰਧੀ ਹੋਰ ਜਾਣਕਾਰੀ ਸਿੰਘ ਸਭਾ ਦੀ ਹਾਲਤ (ਸਟੇਟ ਆਫ ਸਭਾ) ਰਿਪੋਰਟ ਵਿੱਚੋਂ ਹਾਸਲ ਕੀਤੀ ਜਾ ਸਕਦੀ ਹੈ।



# HUMAN RESOURCES

Recent developments related to Human Resources (HR), Staffing, and Operations include:

**1. HR and Talent Acquisition**: Our team has been diligently working on several pivotal initiatives to strengthen our talent acquisition and management efforts:

- Recruitment Milestones
- Enhanced Onboarding
- Training and Development

**2. Staffing and Retention:** Sustaining high-quality staff is essential for our long-term prosperity. Here is an overview of our staffing and retention strategies:

- Engagement Initiatives
- New Reporting Structure
- Competitive Benefits Package
- Career Advancement Opportunities

**3. Operations:** Efficiency and operational excellence continue to be our aim. Here are some noteworthy developments in this sphere:

- Process Optimisation
- Supply Chain Resilience
- Sustainability Initiatives
- Other Projects

We extend our gratitude to our new Head of Operations and teams for their tireless dedication in advancing these initiatives. The strides we have taken in these realms are perfectly aligned with our strategic objectives and position us favourably for continued success and the Sabha's Growth.

Your invaluable guidance and support remain instrumental as we collectively strive to realise the objectives of the Sabha.



**Head of Operations Tiran Singh Bharj with, S. Sukhdev Singh Augla and the CEO of The Felix Project**

# BUILDING

Recognising that there had been a chronic failure to maintain the facilities, we have embarked on an ambitious program to renovate and improve the facilities. We have also implemented a thorough tendering policy.

Works to date include:

- Domes at Guru Nanak Road are being cleaned and repaired.
- Stained Glass windows are being repaired to stop water coming inside.
- All the M&E equipment is being audited and energy-efficient alternatives are being found.
- We commissioned a decarbonisation study of Guru Nanak Road. We have found methods to reduce the carbon emission generated by producing heat (excludes cooking) from 350 tonnes per year to 75 tonnes per year. This is a reduction of 79%.
- The lifts have both exceeded their expected useful lives, replacements will be installed
- Both the men's & and women's toilets require refurbishment, We are currently seeking quotes and will look to start work in early 2024.
- At Park Avenue, we will be installing a permanent marquee to expand the Langar Hall.
- The shed in the Park Avenue car park has been demolished to create additional parking.
- An ANPR system will be installed to better manage the parking at both Gurdwaras to ensure spaces are only used by Gurdwara visitors.
- A dedicated funeral room will be built at Park Avenue Gurdwara.
- Baby feeding and changing rooms will be installed at both Gurdwaras.
- Extra serving counters will be ordered to reduce the langar queues at Park Avenue.

We are grateful to all the building sub committee members for their help and support, in particular Bhai Baljinder Singh Dhillon who has worked tirelessly in overseeing many of the ongoing projects.

# ਇਮਾਰਤੀ ਕੰਮਕਾਜ ਬਾਰੇ ਤਾਜਾ ਜਾਣਕਾਰੀ

ਅਸੀਂ ਇਹ ਮਹਿਸੂਸ ਕੀਤਾ ਸੀ ਕਿ ਇਸ ਸੰਸਥਾ ਦੀ ਇਮਾਰਤ ਦੇ ਰੱਖ-ਰਖਾਅ ਵੱਲ ਬਹੁਤਾ ਧਿਆਨ ਨਹੀ ਦਿੱਤਾ ਗਿਆ। ਇਮਾਰਤ ਵਿੱਚ ਕਈ ਥਾਵਾਂ ਤੇ ਮੁਰੰਮਤ ਹੋਣ ਵਾਲੀ ਸੀ। ਇਸ ਸੰਦਰਭ ਵਿੱਚ ਅਸੀਂ ਹੇਠ ਲਿਖੇ ਇਮਾਰਤੀ ਕੰਮ ਕੀਤੇ ਹਨ। ਇਮਾਰਤੀ ਮੁਰੰਮਤ ਅਤੇ ਹੋਰ ਕੰਮਕਾਜਾਂ ਲਈ ਅਸੀਂ ਪੇਸ਼ੇਵਾਰ ਟੈਂਡਰਿੰਗ ਨੀਤੀ ਅਖਤਿਆਰ ਕੀਤੀ ਹੈ।

- ਗੁਰੂਘਰ ਦੇ ਗੁਬੰਦਾਂ ਦੀ ਸਫਾਈ ਅਤੇ ਮੁਰੰਮਤ ਕਰਵਾਈ ਗਈ।
- ਮਾੜੀ ਹਾਲਤ ਵਿੱਚ ਗਈਆਂ ਤਾਕੀਆਂ (ਗਲਾਸ ਵਿੰਡੋਜ਼) ਦੀ ਮੁਰੰਮਤ ਕਰਵਾਈ ਗਈ ਤਾਂ ਕਿ ਪਾਣੀ ਅੰਦਰ ਨਾ ਆ ਸਕੇ।
- ਸਾਰੇ ਐਮ ਐਂਡ ਈ ਦੇ ਸਾਜੋਸਮਾਨ ਦੀ ਚੈਕਿੰਗ ਕੀਤੀ ਗਈ ਉਨ੍ਹਾਂ ਦੀ ਜਗ੍ਹਾ ਘੱਟ ਬਿਜਲੀ ਅਤੇ ਗੈਸ ਵਰਤਣ ਵਾਲੇ ਸਿਸਟਮ ਲਗਾਏ ਗਏ।
- ਅਸੀਂ ਕਾਰਬਨ ਦੀ ਪੈਦਾਇਸ਼ ਨੂੰ ਘੱਟ ਕਰਨ ਦੇ ਯਤਨ ਕੀਤੇ। ਇਸ ਸਬੰਧੀ ਮਾਹਰਾਂ ਨਾਲ ਸਲਾਹ ਕਰਕੇ ਨਵੀਂ ਤਕਨੀਕ ਅਪਣਾਈ ਗਈ ਜਿਸਨੇ ਕਾਰਬਨ ਦੀ ਪੈਦਾਇਸ਼ ਵਿੱਚ 79ਫੀਸਦੀ ਸਾਲਾਨਾ ਦੀ ਕਮੀ ਕੀਤੀ ਹੈ।
- ਗੁਰੂਘਰ ਦੀਆਂ ਲਿਫਟਾਂ ਆਪਣੀ ਮਿਆਦ ਪੁਗਾ ਚੁੱਕੀਆਂ ਹਨ, ਉਹ ਵੀ ਬਦਲੀਆਂ ਜਾਣਗੀਆਂ।
- ਔਰਤਾਂ ਅਤੇ ਮਰਦਾਂ ਦੇ ਪਖਾਨਾਘਰ (ਟਾਇਲਟ) ਮੁਰੰਮਤ ਦੀ ਮੰਗ ਕਰਦੇ ਹਨ। ਇਸ ਸਬੰਧੀ ਕੁਟੇਸ਼ਨਾ ਮੰਗੀਆਂ ਹਨ, ਜਲਦ ਹੀ ਪਖਾਨਾਘਰਾਂ ਦਾ ਕੰਮ ਵੀ ਸ਼ੁਰੂ ਹੋ ਜਾਵੇਗਾ।
- ਪਾਰਕ ਐਵੇਨਿਊ ਦੇ ਲੰਗਰ ਹਾਲ ਨੂੰ ਵਧਾਉਣ ਦੇ ਯਤਨ ਸੋਚ ਅਧੀਨ ਹਨ।
- ਕਾਰ ਪਾਰਕਿੰਗ ਵਿਚਲੀ ਸ਼ੈਡ ਨੂੰ ਢਾਹ ਦਿੱਤਾ ਗਿਆ ਹੈ ਤਾਂ ਕਿ ਹੋਰ ਕਾਰਾਂ ਪਾਰਕ ਹੋ ਸਕਣ।
- ਇਹ ਨਿਸਚਿਤ ਕਰਨ ਲਈ ਕਿ ਗੁਰੂਘਰਾਂ ਦੀ ਕਾਰ ਪਾਰਕਿੰਗ ਸੰਗਤ ਵੱਲੋਂ ਹੀ ਵਰਤੀ ਜਾ ਰਹੀ ਹੈ, ਅਸੀਂ ਗੱਡੀਆਂ ਦੀਆਂ ਨੰਬਰ ਪਲੇਟਾਂ ਨੋਟ ਕਰਨ ਵਾਲਾ ਸਿਸਟਮ ਦੋਵਾਂ ਗੁਰੂਘਰਾਂ ਵਿੱਚ ਲਗਾ ਰਹੇ ਹਾਂ।
- ਪਾਰਕ ਐਵੇਨਿਊ ਗੁਰਦੁਆਰਾ ਸਾਹਿਬ ਵਿਖੇ ਇੱਕ ਫਿਊਨਰਲ ਕਮਰਾ ਉਸਾਰਿਆ ਜਾਵੇਗਾ।
- ਬੀਬੀਆਂ ਲਈ ਵੱਖਰੇ ਕਮਰੇ ਬਣਾਏ ਜਾਣਗੇ ਜਿੱਥੇ ਉਹ ਆਪਣੇ ਨਿੱਕੇ ਬੱਚਿਆਂ ਨੂੰ ਦੁੱਧ ਪਿਲਾ ਸਕਣ।
- ਪਾਰਕ ਐਵੇਨਿਊ ਗੁਰੂਘਰ ਵਿਖੇ ਲੰਗਰ ਲਈ ਲਗਦੀ ਲੰਬੀ ਕਤਾਰ ਨੂੰ ਘਟਾਉਣ ਲਈ ਵਾਧੂ ਸੇਵਾ ਬੈਂਚ ਲਗਾਏ ਜਾਣਗੇ।

ਅਸੀਂ ਇਮਾਰਤੀ ਸਬ ਕਮੇਟੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹਾਂ ਜੋ ਪੂਰੀ ਤਨਦੇਹੀ ਨਾਲ ਗੁਰੂਘਰ ਦੀ ਇਮਾਰਤ ਨੂੰ ਵਰਤੋਯੋਗ ਬਣਾਈ ਰੱਖਣ ਲਈ ਯਤਨਸ਼ੀਲ ਹਨ। ਖਾਸਕਰ ਭਾਈ ਬਲਜਿੰਦਰ ਸਿੰਘ ਢਿੱਲੋਂ ਦੇ ਜਿਨ੍ਹਾਂ ਨੇ ਅਣਥਕ ਯਤਨਾ ਨਾਲ ਇਮਾਰਤੀ ਕੰਮਕਾਜ ਦੀ ਨਿਗਰਾਨੀ ਕੀਤੀ।





Sevadars overseeing the works

# COMMUNITY ENGAGEMENT

We are actively involved in the Southall interfaith group, which brings together leaders from Christian, Hindu, Muslim, and Sikh communities to collaborate on common issues. Members of the committee and Sevadars participate in this outreach program.

The General Secretary had the opportunity to meet the Archbishop at Lambeth Palace to discuss Sikh issues in the UK.

The Sabha also sponsored the Vaisakhi at Parliament event earlier this year. The event was led by the BSCF.

We proactively collaborated with the Sangat and Ealing Council regarding their ambitious "Get Southall Moving" initiative, which encompassed enhancements to cycling infrastructure along Guru Nanak Road. Through meaningful discussions with the council, we are confident that a sensible solution will be found to ensure we do not lose parking. We extend our appreciation to the dedicated efforts of their officers and councillors, who thoughtfully considered our feedback.

ਅਸੀਂ ਸਾਊਥਾਲ ਦੇ ਇੰਟਰਫੇਥ ਗਰੁੱਪ ਨਾਲ ਵੀ ਸਬੰਧਿਤ ਹਾਂ। ਇਹ ਗਰੁੱਪ ਸਿੱਖ,ਹਿੰਦੂ, ਮੁਸਲਿਮ ਅਤੇ ਈਸਾਈ ਭਾਈਚਾਰੇ ਦੇ ਮੋਹਤਬਰ ਸੱਜਣਾਂ ਦਾ ਗਰੁੱਪ ਹੈ ਜੋ ਭਾਈਚਾਰੇ ਦੀਆਂ ਸਾਂਝੀਆਂ ਲੋੜਾਂ ਅਤੇ ਚੁਣੌਤੀਆਂ ਲਈ ਸਰਗਰਮੀਆਂ ਕਰਦਾ ਹੈ।

ਸਾਨੂੰ ਈਲਿੰਗ ਕੌਂਸਲ ਨਾਲ ਹੋਈ ਗੱਲਬਾਤ ਤੋਂ ਪੂਰਾ ਭਰੋਸਾ ਹੈ ਕਿ ਗੁਰੂ ਨਾਨਕ ਰੋਡ 'ਤੇ ਪਾਰਕਿੰਗ ਵਿਵਸਥਾਵਾਂ 'ਤੇ ਕੋਈ ਅਸਰ ਨਹੀਂ ਪਵੇਗਾ।






# PARTNERS

In partnership. with the **Sikh Human Rights Group (SHRG)**, the Sabha has been invited to hold a side event at the United Nations in Geneva in September 2023, alongside a leading European nation, focusing on neurodiversity awareness and integrating it into community institutions.

Jagdish Kaur, Joint General Secretary of the Sabha, addressed the United Nations in Geneva on July 6, 2023, to discuss **"Menstrual Health and Gender Discrimination"** during a panel organised by the SHRG. This event showcased the Sabha's commitment to global awareness and solutions. The event united experts, activists, and organisations, fostering knowledge exchange. The Sabha now intensifies efforts to implement discussed solutions, prioritising reducing gender bias and promoting equal opportunities through ongoing global advocacy.

Other continued projects and initiatives include:

- Let's Go Southall cycle scheme hosted at Park Avenue Gurdwara, in partnership with Ealing Council.
- South Asia Biobank LOLIPOP Study health study at Norwood Hall. The study is funded by the Wellcome Trust, sponsored by Imperial College London, and supported by the Sabha. In the first 3 years over 43,000 individuals have been tested, 16,829 cases of high cholesterol were identified, 8,836 cases of high fasting blood sugar and 8,741 individuals with high blood pressure. Some participants have required emergency admission to hospitals for previously undiagnosed issues.
- Every third Sunday the 13 Community Clinic continues to run at Park Avenue Gurdwara. The clinic provides legal, medical and wellbeing advice.
- The Sabha's matrimonial service takes place on Sunday afternoons from 12-4pm at Guru Nanak Road. This is an essential service for the community, and the committee will continue to support it.
- Our very own Mael Gael continues to grow from strength to strength, led by Bibi Tej Kaur and the team.



# PARTNERS

ਨੌਰਵੁੱਡ ਹਾਲ ਵਿਖੇ ਏਸ਼ੀਅਨ ਲੋਕਾਂ ਦੀ ਸਿਹਤ ਸਬੰਧੀ ਇੱਕ ਪਰਜੈਕਟ ਆਯੋਜਤ ਕੀਤਾ ਗਿਆ। ਸਰਕਾਰ ਦੇ ਕੁਝ ਅਦਾਰਿਆਂ ਨਾਲ ਮਿਲਕੇ ਲਗਭਗ ਇੱਕ ਲੱਖ ਲੋਕਾਂ ਦੇ ਬਲੱਡ ਸੈਂਪਲ ਲਏ ਜਾਣਗੇ ਅਤੇ ਫਿਰ ਕਾਫੀ ਸਾਲਾਂ ਤੱਕ ਉਨ੍ਹਾਂ ਦੀ ਸਿਹਤ ਵਿੱਚ ਆਉਣ ਵਾਲੀਆਂ ਤਬਦੀਲੀਆਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਇਆ ਕਰੇਗੀ ਤਾਂ ਕਿ ਏਸ਼ੀਅਨ ਲੋਕਾਂ ਨੂੰ ਮਾਰੂ ਬੀਮਾਰੀਆਂ ਤੋਂ ਬਚਾਇਆ ਜਾ ਸਕੇ। ਇਹ ਯੋਜਨਾ ਵੈਲਕਮ ਟਰਸਟ ਵੱਲੋਂ ਚਲਾਈ ਜਾ ਰਹੀ ਹੈ, ਇਸਨੂੰ ਇੰਪੀਰੀਅਲ ਕਾਲਜ ਵੱਲੋਂ ਸਪਾਂਸਰ ਕੀਤਾ ਗਿਆ ਹੈ ਅਤੇ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਇਸ ਲਈ ਸਹਾਇਤਾ ਪਰਦਾਨ ਕੀਤੀ ਜਾ ਰਹੀ ਹੈ। ਦੱਖਣੀ ਏਸ਼ੀਆ ਨਾਲ ਸਬੰਧਤ ਕੋਈ ਵੀ ਵਿਅਕਤੀ ਨੌਰਵੁੱਡ ਹਾਲ ਵਿਖੇ ਆਪਣੀ ਸਿਹਤ ਸਬੰਧੀ ਚੈਕਅੱਪ ਕਰਵਾ ਸਕਦਾ ਹੈ।

ਪਹਿਲੇ 3 ਸਾਲਾਂ ਦੌਰਾਨ 43 ਹਜ਼ਾਰ ਵਿਅਕਤੀਆਂ ਦਾ ਟੈਸਟ ਕੀਤਾ ਗਿਆ। ਇਨ੍ਹਾਂ ਵਿੱਚੋਂ 16829 ਕੇਸ ਵਧੇ ਹੋਏ ਕਲੈਸਟਰੋਲ ਦੇ ਦਰਜ ਕੀਤੇ ਗਏ। 8836 ਕੇਸ ਬਲੱਡ ਸ਼ੂਗਰ ਦੇ ਸਾਹਮਣੇ ਆਏ। 8741 ਕੇਸ ਹਾਈ ਬਲੱਡ ਪਰੈਸ਼ਰ ਦੇ ਵੀ ਨੋਟ ਕੀਤੇ ਗਏ। ਕੁਝ ਵਿਅਕਤੀਆਂ ਨੂੰ ਇੱਕਦਮ ਹਸਪਤਾਲ ਵੀ ਭੇਜਣਾਂ ਪਿਆ ਕਿਉਂਕਿ ਉਨ੍ਹਾਂ ਦੀਆਂ ਕੁਝ ਬੀਮਾਰੀਆਂ ਦਾ ਪਹਿਲੀ ਵਾਰ ਪਤਾ ਲੱਗਾ ਸੀ।

ਹਰੇਕ ਤੀਜੇ ਐਤਵਾਰ ਨੂੰ ਇੱਕ ਭਾਈਚਾਰਕ ਸਲਾਹਕਾਰ ਕਲੀਨਿਕ ਲਗਾਈ ਜਾਂਦੀ ਹੈ ਜਿਸ ਵਿੱਚ ਕਨੂੰਨੀ, ਮੈਡੀਕਲ ਅਤੇ ਸਿਹਤ ਚੇਤੰਨਤਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਹ ਕਲੀਨਿਕ ਪਾਰਕ ਐਵੇਨਿਊ ਗੁਰੂਘਰ ਵਿਖੇ ਲਗਾਈ ਜਾਂਦੀ ਹੈ। ਇਸ ਤੋਂ ਬਿਨਾ ਅਸੀਂ ਲਗਾਤਾਰ ਸਿਹਤ ਚੇਤੰਨਤਾ,ਆਰਥਕ ਮਸਲੇ ਅਤੇ ਪੇਸ਼ੇ ਨਾਲ ਸਬੰਧਤ ਸਲਾਹਕਾਰ ਸੇਵਾਵਾਂ ਦਾ ਪਰਬੰਧ ਕਰਦੇ ਰਹਿੰਦੇ ਹਾਂ। ਅਸੀਂ ਸਮਝਦੇ ਹਾਂ ਕਿ ਜਾਣਕਾਰੀ ਨਾਲ ਸਾਡਾ ਸਮਾਜ ਮਜਬੂਤ ਹੁੰਦਾ ਹੈ ਇਸ ਲਈ ਅਸੀਂ ਹਰ ਲੋੜਵੰਦ ਨੂੰ ਇਨ੍ਹਾਂ ਸਲਾਹਕਾਰ ਸੇਵਾਵਾਂ ਤੋਂ ਜਾਣਕਾਰੀ ਹਾਸਲ ਕਰਨ ਦਾ ਸੱਦਾ ਦੇਂਦੇ ਹਾਂ।

ਸਿੰਘ ਸਭਾ ਦੁਨੀਆਂ ਭਰ ਵਿੱਚ ਉਹ ਪਹਿਲਾ ਗੁਰੂਘਰ ਹੈ ਜਿਸ ਨੂੰ ਡਿਊਕ ਆਫ ਇਡਨਬਰਾ ਦਾ ਲਾਇਸੰਸ ਪਰਾਪਤ ਹੈ। ਇਹ ਪਰਾਪਤੀ 2018 ਵਿੱਚ ਹੋਈ।

ਸਿੰਘ ਸਭਾ ਨਾਲ ਜੁੜੇ ਤਿੰਨ ਵਿਦਿਆਰਥੀ ਸਮੂਹਾਂ (ਈਅਰ ਗਰਪੁੱਜ਼) ਨੇ ਡਿਪਾਟਮੈਂਟ ਆਫ ਐਜੂਕੇਸ਼ਨ ਦੀ ਸਾਲਾਨਾ ਮੁਹਿੰਮ ਵਿੱਚ ਹਿੱਸਾ ਲੈਕੇ ਇਨਾਮ ਪਰਾਪਤ ਕੀਤੇ ਹਨ। ਇਹ ਮੁਹਿੰਮ ਸਰੀ ਵਿਖੇ ਕੀਤੀ ਗਈ ਸੀ। ਇਸ ਸਿੱਖਿਆਦਾਇਕ ਮੁਹਿੰਮ ਦੌਰਾਨ ਵਿਦਿਆਰਥੀਆਂ ਨੂੰ ਅਨੁਸ਼ਾਸ਼ਨ, ਸਹਿਯੋਗ (ਟੀਮ ਵਰਕ), ਬਚਾਅ ਦੀਆਂ ਤਕਨੀਕਾਂ,ਸਮੱਸਿਆਵਾਂ ਨੂੰ ਹੱਲ ਕਰਨ ਦੇ ਤਰੀਕੇ, ਫੌਜੀ ਜਿੰਦਗੀ, ਕੈਂਪ ਜਿੰਦਗੀ, ਫਿੱਟਨੈਸ ਟਰੇਨਿੰਗ, ਰਾਤ ਦੀ ਗਸ਼ਤ ਆਦਿ ਵਰਗੀਆਂ ਬਹੁਤ ਸਾਰੀਆਂ ਅਹਿਮ ਜਾਣਕਾਰੀਆਂ ਹਾਸਲ ਕੀਤੀਆਂ। ਇਸ ਸਾਲ ਸਾਡੇ ਕੋਲ 75 ਬੱਚੇ ਰਜਿਸਟਰ ਹਨ ਜੋ ਗੋਲਡ ਲੈਵਲ ਐਵਾਰਡ ਲਈ ਯਤਨ ਕਰਨਗੇ। ਸਾਡੇ ਕੋਲ 9 ਮੈਬਰੀ ਟੀਮ ਅਤੇ ਇੱਕ ਉਨ੍ਹਾਂ ਦਾ ਨਿਗਰਾਨ ਹੈ ਜੋ ਪਹਾੜਾਂ ਤੇ ਚੜ੍ਹਨ ਦੀ ਲੀਡਰਸ਼ਿੱਪ ਯੋਗਤਾ ਹਾਸਲ ਕਰਨਗੇ। ਇਸ ਸਾਲ ਸਤੰਬਰ ਵਿੱਚ ਸਾਡੇ ਵਿਦਿਆਰਥੀ ਵੇਲਜ਼ ਵਿੱਚ ਇੱਕ ਹੋਰ ਮੁਹਿੰਮ ਤੇ ਜਾਣਗੇ।

ਗੁਰਦੁਆਰਾ ਸਾਹਿਬ ਅਤੇ ਸਿੱਖ ਹਿਊਮਨ ਰਾਈਟਸ ਗਰੁੱਪ ਸਾਂਝੇ ਤੌਰ ਤੇ ਇੱਕ ਕਾਰਜ ਕਰ ਰਿਹਾ ਹੈ ਜਿਸ ਅਧੀਨ ਨਿਊਰੋਡਾਇਵਰਸ ਵਰਗੇ ਲੱਛਣਾਂ ਤੋਂ ਪੀੜਤਾਂ ਦੀ ਸਹਾਇਤਾ ਕੀਤੀ ਜਾਂਦੀ ਹੈ। ਅਜਿਹੇ ਪੀੜਤਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਸਹਾਇਤਾ ਲਈ ਗੁਰੂਘਰ ਕੀ ਕਰ ਸਕਦਾ ਹੈ ਇਸ ਬਾਰੇ ਜਾਣਕਾਰੀ ਇਕੱਠੀ ਵੀ ਕੀਤੀ ਜਾਂਦੀ ਹੈ ਅਤੇ ਪੀੜਤ ਪਰਵਾਰਾਂ ਨਾਲ ਸਾਂਝੀ ਵੀ ਕੀਤੀ ਜਾਂਦੀ ਹੈ। ਅਸੀਂ ਵਿਸ਼ੇਸ਼ ਸਹਾਇਤਾ ਵਾਲੇ ਬੱਚਿਆਂ (ਚਿਲਡਰਨ ਵਿੱਦ ਸਪੈਸ਼ਲ ਐਜੂਕੇਸ਼ਨਲ ਨੀਡਜ਼) ਲਈ ਇੱਕ ਹਫਤਾਵਾਰੀ ਗਰੁੱਪ ਲਗਾ ਰਹੇ ਹਾਂ ਤਾਂ ਕਿ ਉਨ੍ਹਾਂ ਬੱਚਿਆਂ ਨੂੰ ਸਿੱਖ ਧਰਮ ਬਾਰੇ ਮੁਢਲੀ ਜਾਣਕਾਰੀ ਦੇ ਨਾਲ ਨਾਲ ਕੀਰਤਨ, ਸਾਖੀਆਂ ਅਤੇ ਹੋਰ ਬਹੁਤ ਵਡਮੁੱਲੀ ਜਾਣਕਾਰੀ ਪਰਦਾਨ ਕੀਤੀ ਜਾ ਸਕੇ।
ਸਿੱਖ ਹਿਊਮਨ ਰਾਈਟਸ ਗਰੁੱਪ ਨੂੰ ਸਤੰਬਰ 2023 ਦੌਰਾਨ ਜਨੇਵਾ ਵਿਖੇ, ਨਿਯੂਰੋਡਾਇਵਰਸਿਟੀ ਬਾਰੇ ਇੱਕ ਪੇਸ਼ਕਸ਼ ਲਈ ਸੱਦਾ ਮਿਲਿਆ ਹੈ ਜਿਸ ਵਿੱਚ ਉਹ ਇਸ ਲੱਛਣ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਇਹ ਸੱਦਾ ਯੂ ਐਨ ਓ ਵੱਲੋਂ ਮਿਲਿਆ ਹੈ।

ਸਿੰਘ ਸਭਾ ਦੀ ਜੁਆਇੰਟ ਸੈਕਟਰੀ, ਬੀਬੀ ਜਗਦੀਸ਼ ਕੌਰ ਨੇ ਇਸ ਸਾਲ 6 ਜੁਲਾਈ ਨੂੰ ਜਨੇਵਾ ਵਿਖੇ ਇੱਕ ਕਾਨਫਰੰਸ ਨੂੰ ਸੰਬੋਧਨ ਕੀਤਾ ਜੋ ਔਰਤਾਂ ਨਾਲ ਹੁੰਦੇ ਵਿਤਕਰੇ ਬਾਰੇ ਸੀ। ਇਹ ਪੈਨਲ ਕਾਨਫਰੰਸ ਵੀ ਸਿੱਖ ਹਿਊਮਨ ਰਾਈਟਸ ਗਰੁੱਪ ਵੱਲੋਂ ਕਰਵਾਈ ਗਈ ਸੀ। ਬੀਬੀ ਜਗਦੀਸ਼ ਕੌਰ ਦੀ ਹਾਜਰੀ ਨੇ ਇਹ ਗੱਲ ਸਪਸ਼ਟ ਕੀਤੀ ਹੈ ਕਿ ਸਿੰਘ ਸਭਾ ਦੁਨੀਆਂ ਭਰ ਵਿੱਚ ਪੈਦਾ ਹੋ ਰਹੀਆਂ ਚੁਣੌਤੀਆਂ ਅਤੇ ਚੇਤੰਨਤਾਵਾਂ ਨਾਲ ਇੱਕਮਿੱਕ ਹੋ ਕੇ ਚੱਲ ਰਹੀ ਸੰਸਥਾ ਹੈ। ਇਸੇ ਸੰਦਰਭ ਵਿੱਚ ਸਿੰਘ ਸਭਾ ਆਪਣੇ ਤੌਰ ਤੇ ਸੰਸਾਰ ਭਰ ਵਿੱਚ ਚੱਲ ਰਹੀ ਵਿਤਕਰੇ ਵਿਰੋਧੀ ਮੁਹਿੰਮ ਵਿੱਚ ਚੇਤੰਨਤਾ ਲਿਆਉਣ ਲਈ ਯਤਨਸ਼ੀਲ ਹੋਵੇਗੀ।

ਸਿੱਖ ਔਰਤਾਂ ਦਾ ਗਰੁੱਪ ਕੌਰਜ਼ ਕੁਨੈਕਟ ਆਪਣੀਆਂ ਮਹੀਨਾਵਾਰ ਮੀਟਿੰਗਾਂ ਲਗਾਤਾਰ ਕਰ ਰਿਹਾ ਹੈ। ਇਨ੍ਹਾਂ ਮੀਟਿੰਗਾਂ ਵਿੱਚ ਔਰਤਾਂ ਨੂੰ ਦੁਨੀਆਂ ਭਰ ਵਿੱਚ ਦਰਪੇਸ਼ ਮਸਲਿਆਂ ਤੇ ਗੱਲਬਾਤ ਕੀਤੀ ਜਾਂਦੀ ਹੈ। ਆਪਣੇ ਭਾਈਚਾਰੇ ਨੂੰ ਮਜਬੂਤ ਅਤੇ ਸੁਰੱਖਿਅਤ ਬਣਾਉਣ ਲਈ ਔਰਤਾਂ ਦੇ ਯੋਗਦਾਨ ਬਾਰੇ ਇਨ੍ਹਾਂ ਮੀਟਿੰਗਾਂ ਵਿੱਚ ਵਿਚਾਰਿਆ ਜਾਂਦਾ ਹੈ।

# KHALSA SCHOOL

The school has had a strong academic year in 21-22, with the July 2022 SATs results placing it among the top 10 primary schools in the Borough. The 2023 results are expected later this month and are likely to show an improvement. This achievement has provided a boost to academic progress and curriculum achievement, reflecting the Khalsa values that guide the school's strategic vision and inspire the staff and governors to be outstanding professionals and role models.

We would like to express our sincere gratitude to all the staff and governors for their dedication and commitment to achieving strong academic performance. I also want to extend a special thanks to Randeep Singh Sidhu, the chair of the governors and all the governors for their efforts

ਸਾਲ 2021-22 ਖਾਲਸਾ ਸਕੂਲ ਲਈ ਬਹੁਤ ਬਿਹਤਰ ਸਾਲ ਰਿਹਾ। ਇਸਦੇ ਵਿਦਿਆਰਥੀਆਂ ਅਤੇ ਸਟਾਫ ਦੀ ਮਿਹਨਤ ਨੇ ਸਕੂਲ ਨੂੰ ਕੌਂਸਲ ਦੇ ਪਹਿਲੇ 10 ਸਕੂਲਾਂ ਵਿੱਚ ਲਿਆ ਖੜ੍ਹਾ ਕੀਤਾ ਹੈ। ਸਾਨੂੰ ਉਮੀਦ ਹੈ ਕਿ ਇਸ ਸਾਲ ਦੇ ਨਤੀਜੇ ਵੀ ਸਾਨੂੰ ਮਾਣ ਨਾਲ ਭਰ ਦੇਣਗੇ। ਇਸ ਮਾਣਮੱਤੀ ਪਰਾਪਤੀ ਨੇ ਸਾਡੀ ਵਿਦਿਅਕ ਸੋਚ ਨੂੰ ਹੋਰ ਉਜਾਗਰ ਅਤੇ ਪਰਚੰਡ ਕੀਤਾ ਹੈ। ਇਨ੍ਹਾਂ ਪਰਾਪਤੀਆਂ ਨੇ ਖਾਲਸਾਈ ਕਦਰਾਂ ਕੀਮਤਾਂ ਦਾ ਪਰਚਮ ਵੀ ਬੁਲੰਦ ਕੀਤਾ ਹੈ।

ਅਸੀਂ ਇਸ ਮੌਕੇ ਸਕੂਲ ਦੇ ਸਾਰੇ ਸਟਾਫ ਅਤੇ ਗਵਰਨਿੰਗ ਬਾਡੀ ਦਾ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਸਖਤ ਮਿਹਨਤ ਕਰਕੇ ਖਾਲਸਾ ਸਕੂਲ ਨੂੰ ਇੱਕ ਮਾਣਮੱਤੀ ਸੰਸਥਾ ਬਣਾ ਦਿੱਤਾ ਹੈ। ਇਸ ਮੌਕੇ ਤੇ ਅਸੀਂ ਗਵਰਨਿੰਗ ਬਾਡੀ ਦੇ ਚੇਅਰਮੈਨ ਰਣਦੀਪ ਸਿੰਘ ਸਿੱਧੂ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ ਉਨ੍ਹਾਂ ਦੀ ਮਿਹਨਤ ਅਤੇ ਪ੍ਰਤੀਭੱਧਤਾ ਲਈ।
ਸਕੂਲ ਦੇ ਗਵਰਨਰ ਇਹ ਇੱਛਾ ਰੱਖਦੇ ਹਨ ਕਿ ਸੰਸਥਾ ਦੀਆਂ ਸਹੂਲਤਾਂ ਸਾਡਾ ਭਾਈਚਾਰਾ ਪੂਰੀ ਤੀਬਰਤਾ ਨਾਲ ਵਰਤੇ। ਅਸੀਂ ਉਨ੍ਹਾਂ ਦੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਗਵਰਨਿੰਗ ਬਾਡੀ ਦੇ ਨਾਲ ਹਾਂ। ਸੰਸਥਾ ਦੇ ਗਵਰਨਰ ਸਕੂਲ ਦੇ ਪਰਬੰਧਨ ਅਤੇ ਸੰਚਾਲਨ ਵਿੱਚ ਹੋਰ ਸੁਧਾਰ ਲਈ ਯਤਨਸ਼ੀਲ ਹਨ ਅਸੀਂ ਉਨ੍ਹਾਂ ਦੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਕਰਦੇ ਹਾਂ।

ਸਿੰਘ ਸਭਾ, ਖਾਲਸਾ ਸਕੂਲ ਨੂੰ ਇੱਕ ਮਾਣਮੱਤੀ ਸੰਸਥਾ ਬਣਾਉਣ ਲਈ ਸਕੂਲ ਦੇ ਗਵਰਨਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਚੱਲ ਰਹੀ ਹੈ। ਅਸੀਂ ਵਿਦਿਆਰਥੀਆਂ ਦੇ ਕੰਮ ਅਤੇ ਪਰਾਪਤੀਆਂ ਨੂੰ ਗੁਰੂਘਰ ਵਿਖੇ ਪਰਦਰਸ਼ਿੱਤ ਕਰਨ ਅਤੇ ਵਿਦਿਆਰਥੀਆਂ ਨੂੰ ਨਗਰ ਕੀਰਤਨ ਮੌਕੇ ਯੋਗ ਥਾਂ ਦੇਣ ਲਈ ਯਤਨਸ਼ੀਲ ਹੋਵਾਂਗੇ। ਇਸ ਸਾਲ ਸਕੂਲ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਗੁਰੂਘਰ ਵਿਖੇ ਸੁਖਮਨੀ ਸਾਹਿਬ ਦੇ ਪਾਠ ਸਮਾਗਮ ਅਰੰਭ ਕੀਤੇ ਹਨ ਜੋ ਸ਼ਲਾਘਾਯੋਗ ਹਨ।

ਸਿੰਘ ਸਭਾ ਦੇ ਟਰਸਟੀ ਖਾਲਸਾ ਸਕੂਲ ਨੂੰ ਹਾਈ ਸਕੂਲ ਬਣਾਉਣ ਲਈ ਯਤਨਸ਼ੀਲ ਹਨ। ਇਸ ਸਬੰਧੀ ਹੋਣ ਵਾਲੀ ਹਰ ਸਰਗਰਮੀ ਸੰਗਤਾਂ ਦੀ ਜਾਣਕਾਰੀ ਲਈ ਸਮੇਂ ਸਮੇਂ ਤੇ ਸਾਂਝੀ ਕੀਤੀ ਜਾਵੇਗੀ।



# GARDENING

The Sabha, in partnership with OwnGrown, continues to nuture and enhance its garden at Norwood Hall. Reflecting a dedication to promoting nutritional diversity in our community, this season the team has cultivated an impressive 46 vegetable varieties from tomatoes to chillies and watermelons to butternut squash.

Inclusivity is a core value exemplified by our Connect with Food sessions for seniors aged 50+. We've hosted 17 sessions, each attended by up to 35 enthusiastic seniors eager to connect with the earth and their food. These sessions cover topics like seed sowing, companion planting, pruning, propagating, and harvesting, providing essential gardening skills and knowledge to our seniors.

For our younger members, we've created engaging hands-on experiences such as a charming sweet pea teepee and a bug hotel during the SGSSS summer camp. These projects foster a connection with nature and educate about the importance of pollinators in our garden ecosystem.

Our gardening philosophy is rooted in sustainability. We've implemented methods such as no-dig gardening and companion planting to encourage people to work in harmony with their environment. Furthermore, we maintain a strict policy against pesticide or insecticide use, promoting natural, organic and eco-friendly gardening practices.

Looking ahead, we have an exciting lineup of workshops, including seed saving, winter growing, and learning to compost. We're excited to introduce an early-learning kids playground area, a serene water feature, a communal campfire and a spacious shelter that will allow us to conduct outdoor classes throughout the year.

Lastly, we are eagerly planning a grand opening event in October. It will serve as an opportunity to celebrate our collective achievements, showcase the transformation of Norwood Hall Gardens, and welcome the wider community to join us in promoting sustainable and inclusive gardening practices.





# UPCOMING EVENTS

- Sept 10th – Special diwan for Bhai Jaswant Singh Khalra
- Sept 17th – Special diwan for Shaheed Satpal Singh Dhillon
- Sept 30th - Amrit Sanchar
- Oct 4th 2023 - Sikh Students University Fair
- Nov 5th 2023 - Nagar Kirtan
- June 2024 we will be commemorating the 40 years since 1984
- 2023 - New Funeral room will be made at Park Avenue Gurdwara

**ਆਉਣ ਵਾਲੇ ਪਰੋਗਰਾਮ**

- ਅੰਮ੍ਰਿਤ ਸੰਚਾਰ 30 ਸਤੰਬਰ 2023
- ਨਗਰ ਕੀਰਤਨ 5 ਨਵੰਬਰ 2023
- 1984 ਦੇ ਘੱਲੂਘਾਰੇ ਦੇ 40 ਸਾਲਾਂ ਦੀ ਯਾਦ ਜੂਨ 2024 ਵਿੱਚ ਮਨਾਈ ਜਾਵੇਗੀ।
- ਸਿੱਖ ਵਿਦਿਆਰਥੀਆਂ ਦਾ ਯੂਨੀਵਰਸਿਟੀ ਮੇਲਾ 4 ਅਕਤੂਬਰ 2024
- 10 ਸਤੰਬਰ 2023 ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਵਿਸ਼ੇਸ਼ ਦੀਵਾਨ।
- 17 ਸਤੰਬਰ ਭਾਈ ਸਤਪਾਲ ਸਿੰਘ ਢਿੱਲੋਂ ਦੀ ਯਾਦ ਵਿੱਚ ਵਿਸ਼ੇਸ਼ ਦੀਵਾਨ।













